ਸ਼ਨੀਵਾਰ, 17 ਅਕਤੂਬਰ, 2026
1 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 137

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SATURDAY, 17 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਾਨ ਨੂੰ ਫਰਾਂਸ ਜਾਣ ਦੀ ਮਿਲੀ ਇਜਾਜ਼ਤ

**ਚੰਡੀਗੜ੍ਹ** : ਹਾਈਕੋਰਟ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਫਰਾਂਸ ਦੌਰੇ ਨੂੰ ਮਨਜ਼ੂਰੀ ਦਿੱਤੀ ਹੈ। ਪੰਜਾਬ ਸਰਕਾਰ ਨੇ ਕੇਂਦਰ ਖਿਲਾਫ਼ ਹਾਈਕੋਰਟ 'ਚ ਪਟੀਸ਼ਨ ਪਾਈ ਸੀ ਤੇ ਬਿਨਾਂ ਕਾਰਨ ਦੱਸੇ ਦੌਰਾ ਰੱਦ ਕਰਨ ਦੇ ਇਲਜ਼ਾਮ ਲਗਾਏ ਸੀ। ਮੁੱਖ ਮੰਤਰੀ 17 ਤੋਂ 21 ਅਕਤੂਬਰ ਤੱਕ ਪੈਰਿਸ ਵਿਚ ਹੋਣ ਵਾਲੀ ਅੰਤਰਰਾਸ਼ਟਰੀ ਖਾਧ ਪ੍ਰਦਰਸ਼ਨੀ ਵਿਚ ਮਾਰਕਫੈੱਡ ਦੇ ਉਤਪਾਦਾਂ ਦੇ ਪ੍ਰਚਾਰ ਲਈ ਜਾਣ ਵਾਲੇ ਸੀ। ਯਾਤਰਾ ਦਾ ਉਦੇਸ਼ ਪੰਜਾਬ ਦੇ ਖੇਤੀਬਾੜੀ ਤੇ ਖਾਧ ਐਡੀਸ਼ਨਾਂ ਨਾਲ ਜੁੜੇ ਉਤਪਾਦਾਂ ਲਈ ਕੌਮਾਂਤਰੀ ਬਾਜ਼ਾਰ ਵਿਚ ਵਪਾਰ ਦੀਆਂ ਸੰਭਾਵਨਾਵਾਂ ਭਾਲਣਾ ਤੇ ਸੂਬੇ ਦੇ ਉਤਪਾਦਾਂ ਨੂੰ ਵਿਦੇਸ਼ੀ ਖਰੀਦਦਾਰਾਂ ਤੱਕ ਪਹੁੰਚਾਉਣ ਦੇ ਮੌਕੇ ਵਧਾਉਣਾ ਸੀ। ਯਾਤਰਾ ਦਾ ਖਰਚ ਮਾਰਕਫੈੱਡ ਵੱਲੋਂ ਚੁੱਕਿਆ ਜਾਣਾ ਸੀ।

## ਮੋਦੀ ਕੈਬਨਿਟ ਨੇ ਆਈ ਡੀ ਬੀ ਆਈ ਬੈਂਕ ਨੂੰ ਵੇਚਣ ਦੀ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ** : 62 ਸਾਲ ਪੁਰਾਣੇ ਭਾਰਤੀ ਬੈਂਕ ਆਈ ਡੀ ਬੀ ਆਈ ਬੈਂਕ ਵਿੱਚ ਸਰਕਾਰੀ ਹਿੱਸੇਦਾਰੀ ਵੇਚਣ ਲਈ ਕੇਂਦਰੀ ਮੰਤਰੀ ਮੰਡਲ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਮਨਜ਼ੂਰੀ ਤਹਿਤ ਸਰਕਾਰ ਅਤੇ ਭਾਰਤੀ ਜੀਵਨ ਬੀਮਾ ਨਿਗਮ ਮਿਲ ਕੇ ਬੈਂਕ ਵਿੱਚ ਆਪਣੀ ਕੁੱਲ 60.72 ਫ਼ੀਸਦੀ ਹਿੱਸੇਦਾਰੀ 'ਕੈਨੇਡਾ ਇੰਕ' ਨੂੰ ਵੇਚਣਗੇ। ਫੇਅਰਫੈਕਸ ਫਾਈਨੈਂਸ਼ੀਅਲ ਹੋਲਡਿੰਗਜ਼ ਦੀ ਮੂਲ ਕੰਪਨੀ ਕੈਨੇਡਾ ਇੰਕ ਹੈ। ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਇਸ ਫ਼ੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ ਸਾਨੂੰ ਅਜਿਹੀਆਂ ਸੰਸਥਾਵਾਂ ਦੀ ਲੋੜ ਹੈ, ਜੋ ਉੱਦਮੀਆਂ ਦੀ ਵਿਕਾਸ ਲਈ ਪੂੰਜੀ ਦੀਆਂ ਲੋੜਾਂ ਪੂਰੀਆਂ ਕਰ ਸਕਣ। ਆਈ ਡੀ ਬੀ ਆਈ ਬੈਂਕ ਦੀ ਹਿੱਸੇਦਾਰੀ ਕੈਨੇਡਾ ਦੀ ਫੇਅਰਫੈਕਸ ਫਾਈਨੈਂਸ਼ੀਅਲ ਹੋਲਡਿੰਗਜ਼ ਨੂੰ 52,878 ਕਰੋੜ ਰੁਪਏ ਵਿੱਚ ਵੇਚੀ ਜਾਵੇਗੀ। ਫੇਅਰਫੈਕਸ ਫਾਈਨੈਂਸ਼ੀਅਲ ਹੋਲਡਿੰਗਜ਼ ਨੂੰ ਭਾਰਤੀ-ਕੈਨੇਡੀਅਨ ਅਰਬਪਤੀ ਪ੍ਰੇਮ ਵਤਸਾ ਦਾ ਸਮਰਥਨ ਹਾਸਲ ਹੈ।

## ਰਾਜਬੀਰ ਸੀ ਬੀ ਆਈ ਅੱਗੇ ਪੇਸ਼



**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਸ਼ੁੱਕਰਵਾਰ ਸੀ ਬੀ ਆਈ ਅੱਗੇ ਪੇਸ਼ ਹੋਏ। ਸੁਪਰੀਮ ਕੋਰਟ ਨੇ ਪਹਿਲਾਂ ਹੀ ਘੁੰਮਣ ਖਿਲਾਫ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀ ਬੀ ਆਈ ਨੂੰ ਕੋਈ ਵੀ ਸਖਤ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ।

## ਸੰਜੀਵ ਅਰੋੜਾ ਦੀ ਨਿਯਮਤ ਜ਼ਮਾਨਤ ਦੀ ਪਟੀਸ਼ਨ ਰੱਦ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਨਿਯਮਤ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਹੈ। ਬੈਂਚ ਨੂੰ ਇਹ ਦੱਸਿਆ ਗਿਆ ਸੀ ਕਿ ਪਟੀਸ਼ਨਰ ਵੱਲੋਂ ਗੁਰੂਗ੍ਰਾਮ ਵਿਖੇ ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ ਤਹਿਤ ਵਿਸ਼ੇਸ਼ ਜੱਜ ਸਾਹਮਣੇ ਦਾਇਰ ਨਿਯਮਤ ਜ਼ਮਾਨਤ ਅਰਜ਼ੀ 15 ਜੂਨ ਨੂੰ ਖਾਰਜ ਕਰ ਦਿੱਤੀ ਗਈ ਸੀ। ਐਨਫੋਰਸਮੈਂਟ ਡਾਇਰੈਕਟੋਰੇਟ ਵਿਰੁੱਧ ਪਟੀਸ਼ਨ 'ਤੇ ਇਹ ਫੈਸਲਾ ਜਸਟਿਸ ਕੁਲਦੀਪ ਤਿਵਾੜੀ ਵੱਲੋਂ ਖੁੱਲ੍ਹੀ ਅਦਾਲਤ ਵਿੱਚ ਸੁਣਾਇਆ ਗਿਆ। ਅਰੋੜਾ ਨੇ ਦਾਅਵਾ ਕੀਤਾ ਸੀ ਕਿ ਉਹ ਪੰਜਾਬ ਸਰਕਾਰ ਵਿੱਚ ਇੱਕ ਮੌਜੂਦਾ ਕੈਬਨਿਟ ਮੰਤਰੀ ਅਤੇ ਸਾਬਕਾ ਰਾਜ ਸਭਾ ਮੈਂਬਰ ਹਨ, ਜਿਨ੍ਹਾਂ ਦੀਆਂ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਹਨ ਅਤੇ ਉਨ੍ਹਾਂ ਦਾ ਜਨਤਕ ਰਿਕਾਰਡ ਬੇਦਾਗ ਰਿਹਾ ਹੈ।

## ਕਾਰਾਂ ਨਾਲ ਲੱਦੀ ਮਾਲ ਗੱਡੀ ਦੇ 5 ਡੱਬੇ ਲੀਹੋਂ ਲੱਥੇ

**ਰਾਮਪੁਰਾ ਫੂਲ** : ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਕੁਝ ਮੀਟਰ ਪਹਿਲਾਂ ਸ਼ੁੱਕਰਵਾਰ ਨੂੰ ਨਵੀਆਂ ਕਾਰਾਂ ਲੈ ਕੇ ਜਾ ਰਹੀ ਇੱਕ ਮਾਲ ਗੱਡੀ ਦੇ 5 ਡੱਬੇ ਲੀਹੋਂ ਲਹਿ ਗਏ, ਜਿਸ ਨਾਲ ਬਠਿੰਡਾ-ਰਾਜਪੁਰਾ ਸੈਕਸ਼ਨ 'ਤੇ ਰੇਲ ਆਵਾਜਾਈ ਪ੍ਰਭਾਵਿਤ ਹੋਈ। ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਜੀ.ਆਰ.ਪੀ. ਰਾਮਪੁਰਾ ਫੂਲ ਦੇ ਇੰਚਾਰਜ ਏ.ਐੱਸ.ਆਈ. ਗੁਰਜੰਟ ਸਿੰਘ, ਜੋ ਕਿ ਇੱਕ ਚਸ਼ਮਦੀਦ ਹਨ, ਨੇ ਦੱਸਿਆ ਕਿ ਇਹ ਘਟਨਾ ਸਵੇਰੇ 11 ਵਜੇ ਦੇ ਕਰੀਬ ਵਾਪਰੀ, ਜਦੋਂ ਰੇਲਵੇ ਕਰਮਚਾਰੀ ਪਲੇਟਫਾਰਮ 'ਤੇ ਖੜ੍ਹੇ ਸਨ। ਰੇਲ ਗੱਡੀ ਬਠਿੰਡਾ ਤੋਂ ਰਾਜਪੁਰਾ ਵੱਲ ਜਾ ਰਹੀ ਸੀ ਜਦੋਂ ਇਸ ਦਾ ਇੰਜਣ ਡੱਬਿਆਂ ਤੋਂ ਵੱਖ ਹੋ ਗਿਆ। ਇਸ ਘਟਨਾ ਕਾਰਨ ਹੋਰ ਰੇਲ ਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ।

## ਸਿਡਨੀ ਹਵਾਈ ਅੱਡੇ 'ਤੇ ਹੜਤਾਲ; ਹਜ਼ਾਰਾਂ ਮੁਸਾਫ਼ਰ ਪਰੇਸ਼ਾਨ

**ਸਿਡਨੀ** : ਆਸਟਰੇਲੀਆ ਦੇ ਸਭ ਤੋਂ ਰੁਝੇਵੇਂ ਵਾਲੇ ਸਿਡਨੀ ਹਵਾਈ ਅੱਡੇ 'ਤੇ ਸੈਂਕੜੇ ਸੁਰੱਖਿਆ ਕਰਮਚਾਰੀਆਂ ਦੀ ਹੜਤਾਲ ਕਾਰਨ ਮੁਸਾਫ਼ਰਾਂ ਨੂੰ ਲੰਬੀਆਂ ਕਤਾਰਾਂ ਅਤੇ ਉਡਾਣਾਂ ਖੁੰਝਣ ਦੀ ਚਿੰਤਾ ਦਾ ਸਾਹਮਣਾ ਕਰਨਾ ਪਿਆ। ਕੁਝ ਯਾਤਰੀਆਂ ਮੁਤਾਬਕ ਆਮ ਤੌਰ 'ਤੇ 20 ਮਿੰਟਾਂ ਵਿੱਚ ਹੋਣ ਵਾਲੀ ਸੁਰੱਖਿਆ ਜਾਂਚ ਲਈ ਕਈ ਘੰਟਿਆਂ ਤੋਂ ਵੱਧ ਉਡੀਕ ਕਰਨੀ ਪਈ। ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੱਦੇ 'ਤੇ ਸੁਰੱਖਿਆ ਕਰਮਚਾਰੀਆਂ ਨੇ ਸਵੇਰੇ 6 ਤੋਂ 10 ਵਜੇ ਤੱਕ ਕੰਮ ਛੱਡਿਆ, ਜਦੋਂ ਕਿ ਦੂਜੀ ਹੜਤਾਲ ਸ਼ਾਮ 5 ਤੋਂ ਰਾਤ 9 ਵਜੇ ਤੱਕ ਰੱਖੀ ਗਈ। ਕਰਮਚਾਰੀ ਪੱਕੀਆਂ ਨੌਕਰੀਆਂ, ਬਿਹਤਰ ਤਨਖ਼ਾਹ, ਨਿਰਪੱਖ ਡਿਊਟੀ ਸਮਾਂ ਅਤੇ ਪਾਰਟ-ਟਾਈਮ ਘੰਟਿਆਂ ਵਿੱਚ ਕਟੌਤੀ ਰੋਕਣ ਦੀ ਮੰਗ ਕਰ ਰਹੇ ਹਨ।

# ਤਿਰੰਗਾ ਲਹਿਰਾਉਣ ਤੋਂ ਪਹਿਲਾਂ ਦੀਪਕੇ ਤੇ ਨੇਹਾ ਹਿਰਾਸਤ 'ਚ







**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ ਅਤੇ ਆਇਸਾ ਦੀ ਪ੍ਰਧਾਨ ਨੇਹਾ ਬੋਰਾ ਨੂੰ ਸ਼ੁੱਕਰਵਾਰ ਦਿੱਲੀ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ ਜਦੋਂ ਉਹ ਕਨਾਟ ਪਲੇਸ ਵਿਖੇ 'ਲਹਿਰਾ ਦੋ ਤਿਰੰਗਾ' ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ।

ਜਿੱਥੇ ਦੀਪਕੇ ਨੂੰ ਝੰਡੇਵਾਲਾਨ ਸਥਿਤ ਉਸਦੇ ਘਰੋਂ ਹਿਰਾਸਤ ਵਿੱਚ ਲਿਆ ਗਿਆ, ਉੱਥੇ ਬੋਰਾ ਨੂੰ ਮੰਡੀ ਹਾਊਸ ਤੋਂ ਹਿਰਾਸਤ ਵਿੱਚ ਲਿਆ ਗਿਆ। ਇਹ ਦੋਵੇਂ ਥਾਵਾਂ ਮੱਧ ਦਿੱਲੀ ਵਿੱਚ ਪੈਂਦੀਆਂ ਹਨ। ਜਦੋਂ ਇਨ੍ਹਾਂ ਦੋਵਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਤਾਂ ਉੱਥੇ ਧੱਕਾ-ਮੁੱਕੀ ਕਰਦੀ ਭੀੜ, ਕੈਮਰਾਮੈਨਾਂ ਅਤੇ ਸੁਰੱਖਿਆ ਕਰਮਚਾਰੀਆਂ ਦੀ ਵੱਡੀ ਗਿਣਤੀ ਕਾਰਨ ਹਫੜਾ-ਦਫੜੀ ਵਾਲਾ ਮਾਹੌਲ ਬਣ ਗਿਆ। ਇਸ ਤੋਂ ਪਹਿਲਾਂ ਦਿਨ ਵੇਲੇ, ਦਿੱਲੀ ਪੁਲਸ ਦੇ 20 ਤੋਂ ਵੱਧ ਮੁਲਾਜ਼ਮਾਂ ਨੇ ਝੰਡੇਵਾਲਾਨ ਵਿਖੇ ਦੀਪਕੇ ਦੀ ਰਿਹਾਇਸ਼ 'ਤੇ ਜਾ ਕੇ ਉਸ ਨੂੰ ਇੱਕ ਨੋਟਿਸ ਸੌਂਪਿਆ, ਜਿਸ ਵਿੱਚ ਉਸ ਨੂੰ ਅਜਿਹੀ ਕਿਸੇ ਵੀ ਕਾਰਵਾਈ ਤੋਂ ਗੁਰੇਜ਼ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ ਜਿਸ ਨਾਲ ਆਮ ਨਾਗਰਿਕਾਂ, ਵਪਾਰੀਆਂ, ਰਾਹਗੀਰਾਂ, ਮਰੀਜ਼ਾਂ ਅਤੇ ਹੋਰਾਂ ਦੇ ਅਧਿਕਾਰਾਂ ਨੂੰ ਠੇਸ ਪਹੁੰਚ ਸਕਦੀ ਹੋਵੇ ਜਾਂ ਕੋਈ ਪਰੇਸ਼ਾਨੀ ਆਵੇ। ਪੁਲਸ ਦੀ ਇਸ ਕਾਰਵਾਈ ਦੇ ਬਾਵਜੂਦ ਹਜ਼ਾਰਾਂ ਲੋਕ ਕਨਾਟ ਪਲੇਸ ਪਹੁੰਚ ਗਏ ਸਨ। ਇਸਤੋਂ ਪਹਿਲਾਂ ਦਿੱਲੀ ਪੁਲਸ ਨੇ ਦੀਪਕੇ ਦੀ ਰਿਹਾਇਸ਼ 'ਤੇ ਜਾ ਕੇ ਉਸ ਨੂੰ ਕਾਨੂੰਨੀ ਨੋਟਿਸ ਅਤੇ ਦਸਤਾਵੇਜ਼ ਸੌਂਪਦਿਆਂ ਸੈਂਟਰਲ ਪਾਰਕ ਨਾ ਜਾਣ ਦਾ ਲਿਖਤੀ ਐਲਾਨਨਾਮਾ ਮੰਗਿਆ। ਇਸ ਕਾਰਵਾਈ ਦਾ ਵਿਰੋਧ ਕਰਦਿਆਂ ਦੀਪਕੇ ਨੇ ਪੁਲਸ ਮੁਲਾਜ਼ਮਾਂ ਨੂੰ ਸਵਾਲ ਕੀਤਾ, "ਕੀ ਇਹ ਸਭ ਮੈਨੂੰ ਸਾਡਾ ਕੌਮੀ ਝੰਡਾ ਚੁੱਕਣ ਤੋਂ ਰੋਕਣ ਲਈ ਕੀਤਾ ਜਾ ਰਿਹਾ ਹੈ? ਕੀ ਆਪਣੇ ਦੇਸ਼ ਦਾ ਝੰਡਾ ਲਹਿਰਾਉਣਾ ਕੋਈ ਅਪਰਾਧ ਹੈ?" ਉਸ ਨੇ ਅੱਗੇ ਦੱਸਿਆ ਕਿ ਪੁਲਸ ਵੱਲੋਂ ਦਿੱਤੇ ਗਏ ਨੋਟਿਸਾਂ ਵਿੱਚ ਲਿਖਿਆ ਗਿਆ ਹੈ ਕਿ ਉਹ ਜੰਤਰ-ਮੰਤਰ ਜਾਣ ਦੀ ਯੋਜਨਾ ਬਣਾ ਰਹੇ ਹਨ। ਦੀਪਕੇ ਨੇ ਦੋਸ਼ ਲਾਇਆ ਕਿ 7 ਤੋਂ 8 ਦਿੱਲੀ ਪੁਲਸ ਕਰਮਚਾਰੀ ਉਸ ਦੇ ਘਰ ਪਹੁੰਚੇ ਅਤੇ ਕਿਹਾ ਕਿ ਉਹ ਤਿਰੰਗਾ ਚੁੱਕ ਕੇ ਗੈਰ-ਕਾਨੂੰਨੀ ਗਤੀਵਿਧੀਆਂ ਕਰ ਰਿਹਾ ਹੈ ਅਤੇ ਲੋਕਾਂ ਨੂੰ ਭੜਕਾ ਰਿਹਾ ਹੈ।

ਦੀਪਕੇ ਨੇ ਕਿਹਾ, "ਸਾਨੂੰ ਸਾਡੇ ਹੀ ਦੇਸ਼ ਵਿੱਚ ਤਿਰੰਗਾ ਚੁੱਕਣ ਤੋਂ ਰੋਕਿਆ ਜਾ ਰਿਹਾ ਹੈ? ਨਰਿੰਦਰ ਮੋਦੀ ਨੇ ਦੇਸ਼ ਦਾ ਇਹ ਹਾਲ ਕਰ ਦਿੱਤਾ ਹੈ ਕਿ ਅਸੀਂ ਆਪਣੇ ਹੀ ਮੁਲਕ ਵਿੱਚ ਝੰਡਾ ਵੀ ਨਹੀਂ ਲਹਿਰਾ ਸਕਦੇ।" ਸ਼ੁਰੂ ਵਿੱਚ ਉਸ ਨੇ ਪੁਲਸ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ ਵਿੱਚ ਪੁਲਸ ਦੇ ਬੇਨਤੀ ਕਰਨ 'ਤੇ ਆਪਣੀ ਟਿੱਪਣੀ ਲਿਖ ਕੇ ਦਸਤਖਤ ਕੀਤੇ।

ਭਾਰੀ ਪੁਲਸ ਤਾਇਨਾਤੀ ਦੇ ਵਿਚਕਾਰ ਕੇਂਦਰੀ ਦਿੱਲੀ ਦੇ ਕਨਾਟ ਪਲੇਸ ਅਤੇ ਮੰਡੀ ਹਾਊਸ ਵਿੱਚ ਸੈਂਕੜੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਰਾਸ਼ਟਰੀ ਝੰਡਾ ਚੁੱਕ ਕੇ ਕਈ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀ ਕਨਾਟ ਪਲੇਸ ਦੇ ਅੰਦਰੂਨੀ ਚੱਕਰ ਵਿੱਚੋਂ ਲੰਘਦੇ ਹੋਏ, ਰੁਕ-ਰੁਕ ਕੇ 'ਜੈ ਹਿੰਦ' ਦੇ ਨਾਅਰੇ ਲਗਾਉਂਦੇ ਹੋਏ ਵੱਖ-ਵੱਖ ਥਾਵਾਂ 'ਤੇ ਖਿੰਡ ਗਏ ਅਤੇ ਮੁੜ ਇਕੱਠੇ ਹੋ ਗਏ। ਕੁਝ ਨੇ ਰਾਸ਼ਟਰੀ ਗੀਤ ਵੀ ਗਾਇਆ। ਵਿਦਿਆਰਥੀਆਂ ਨੇ ਮੰਡੀ ਹਾਊਸ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ। ਪੁਲਸ ਨੇ ਲਗਪਗ 150 ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਜਦੋਂ ਪੁਲਸ ਨੇ ਭੀੜ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਮਾਮੂਲੀ ਝੜਪ ਹੋ ਗਈ।

# ਸ਼ਾਹ ਪੰਜਾਬ ਨੂੰ ਬੇਲੋੜਾ ਬਦਨਾਮ ਕਰ ਰਹੇ : ਮਾਨ



**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਸੂਬੇ ਨੂੰ ਨਸ਼ਿਆਂ ਲਈ ਬੇਲੋੜਾ ਬਦਨਾਮ ਕੀਤਾ ਜਾ ਰਿਹਾ ਹੈ, ਜਿਵੇਂ ਕਿ ਇਸ ਨੂੰ ਪਰਾਲੀ ਨੂੰ ਅੱਗ ਲਗਾਉਣ ਲਈ ਵੀ ਦੋਸ਼ੀ ਠਹਿਰਾਇਆ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੀ ਐੱਸ ਐੱਫ ਅਧੀਨ ਪੰਜਾਬ ਦਾ 50 ਕਿਲੋਮੀਟਰ ਇਲਾਕਾ ਆਉਂਦਾ ਹੈ ਪਰ ਕੇਂਦਰ ਉਲਟਾ ਪੰਜਾਬ 'ਤੇ ਨਸ਼ਿਆਂ ਲਈ ਦੋਸ਼ ਲਗਾ ਰਿਹਾ ਹੈ। ਮੁੱਖ ਮੰਤਰੀ ਨੇ ਇਹ ਬਿਆਨ ਕੇਂਦਰੀ ਮੰਤਰੀ ਅਮਿਤ ਸ਼ਾਹ ਵੱਲੋਂ ਨਸ਼ਿਆਂ ਦੇ ਖਤਰੇ ਨਾਲ ਲੜਨ ਦੇ ਸੂਬੇ ਦੇ ਇਰਾਦੇ 'ਤੇ ਗੰਭੀਰ ਸਵਾਲ ਉਠਾਉਣ ਦੇ ਮੱਦੇਨਜ਼ਰ ਦਿੱਤਾ। ਉਨ੍ਹਾ ਕਿਹਾ, "ਅੱਜ, ਕੇਂਦਰ ਸਾਡੇ ਤੋਂ ਸਵਾਲ ਕਰ ਰਿਹਾ ਹੈ। 50 ਕਿੱਲੋਮੀਟਰ ਦਾ ਬੀ ਐੱਸ ਐੱਫ ਅਧਿਕਾਰ ਖੇਤਰ ਕੇਂਦਰ ਦੇ ਅਧੀਨ ਆਉਂਦਾ ਹੈ। ਗੁਜਰਾਤ ਦੇ ਕਾਂਡਲਾ ਬੰਦਰਗਾਹ 'ਤੇ 3,000 ਕਿੱਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ, ਜੋ ਕਿ ਤੁਹਾਡੇ ਅਧਿਕਾਰ ਖੇਤਰ ਵਿੱਚ ਵੀ ਆਉਂਦਾ ਹੈ। ਸਾਡੇ ਕੋਲ ਆਪਣਾ ਡਰੋਨ ਵਿਰੋਧੀ ਸਿਸਟਮ ਹੈ, ਜਿਸ ਲਈ ਕੇਂਦਰ ਨੇ ਸਾਨੂੰ ਇੱਕ ਪੈਸਾ ਵੀ ਨਹੀਂ ਦਿੱਤਾ, ਫਿਰ ਵੀ ਤੁਸੀਂ ਸਾਨੂੰ • ਬਾਕੀ ਸਫਾ 2 'ਤੇ

## ਪੰਜਾਬ 'ਚ ਜੰਗਲ ਰਾਜ ਵਰਗੇ ਹਾਲਾਤ : ਸ਼ਾਹ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ ਉੱਤੇ 'ਆਪ' ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। ਉਨ੍ਹਾ ਕਿਹਾ ਕਿ ਅੱਜ ਪੰਜਾਬ ਨਸ਼ੇ, ਗੈਂਗਸਟਰਵਾਦ ਅਤੇ ਸੰਗਠਤ ਅਪਰਾਧ ਦੇ ਭਾਰੀ ਸੰਕਟ ਨਾਲ ਜੂਝ ਰਿਹਾ ਹੈ ਅਤੇ ਪੰਜਾਬ ਸਰਕਾਰ ਨੱਥ ਪਾਉਣ ਵਿੱਚ ਨਾਕਾਮ ਸਾਬਤ ਹੋ ਰਹੀ ਹੈ। ਮਾਨ ਸਰਕਾਰ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਆਖਰ ਪੰਜਾਬ ਦੀ ਜਨਤਾ ਦੀ ਜਾਨ-ਮਾਲ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ? ਅਮਿਤ ਸ਼ਾਹ ਨੇ ਕਿਹਾ ਕਿ ਦਿੜਬਾ ਵਿੱਚ ਵਿਅਕਤੀ ਵੱਲੋਂ ਖ਼ੁਦਕੁਸ਼ੀ ਕਰਨ ਅਤੇ ਮਾਨਸਾ ਵਿੱਚ ਨਸ਼ਾ ਵੇਚਣ ਵਾਲਿਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਦੀ ਦਿਨ-ਦਿਹਾੜੇ ਸ਼ਰੇਆਮ ਕੀਤੀ ਗਈ ਹੱਤਿਆ ਨੇ ਪੰਜਾਬ ਵਿੱਚ ਜੰਗਲ ਰਾਜ • ਬਾਕੀ ਸਫਾ 2 'ਤੇ

# ਦੀਪਕੇ ਦੇ ਵੱਖਰੇ ਵਿਚਾਰ

**ਨਵੀਂ ਦਿੱਲੀ** : ਅਭਿਜੀਤ ਦੀਪਕੇ ਨੇ ਆਪਣੀ ਮੁਹਿੰਮ ਨੂੰ 'ਸੱਤਾ ਬਦਲਣ' ਦੇ ਬਿਰਤਾਂਤ ਤੋਂ ਵੱਖ ਕਰਦਿਆਂ ਕਿਹਾ ਹੈ ਕਿ ਉਹ ਸਰਕਾਰ ਬਦਲਣ ਦੀ ਮੰਗ ਨਹੀਂ ਕਰ ਰਹੇ, ਸਗੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਹਟਾਉਣ ਦੀ ਮੰਗ ਕਰ ਰਹੇ ਹਨ। ਉਸ ਨੇ ਕਿਹਾ, "ਅਸੀਂ ਗਾਂਧੀਵਾਦੀ ਤਰੀਕੇ ਨਾਲ ਲੜਾਈ ਲੜ ਰਹੇ ਹਾਂ ਅਤੇ ਸਾਡੀ ਮੰਗ ਸਿਰਫ ਇੰਨੀ ਹੈ ਕਿ ਚੋਣਾਂ ਵਿੱਚ ਧਾਂਦਲੀ ਕਰਨ ਵਾਲੇ ਮੁੱਖ ਚੋਣ ਕਮਿਸ਼ਨਰ ਨੂੰ ਹਟਾ ਕੇ ਨਿਰਪੱਖ ਕਮਿਸ਼ਨਰ ਤਾਇਨਾਤ ਕੀਤਾ ਜਾਵੇ।"

ਦੀਪਕੇ ਦਾ ਇਹ ਬਿਆਨ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਦੇ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾ ਅੰਦੋਲਨ ਨੂੰ 'ਸੱਤਾ ਬਦਲਣ ਦੀ ਲੜਾਈ' ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ, ਆਇਸਾ ਆਗੂ ਨੇਹਾ ਬੋਰਾ ਵੱਲੋਂ ਬੰਗਲਾਦੇਸ਼ ਦੇ ਅੰਦੋਲਨ ਤੋਂ ਪ੍ਰੇਰਨਾ ਲੈਣ ਸੰਬੰਧੀ ਦਿੱਤੇ ਬਿਆਨ ਨੂੰ ਲੈ ਕੇ ਭਾਜਪਾ ਨੇ ਵੀ ਪ੍ਰਦਰਸ਼ਨਕਾਰੀਆਂ 'ਤੇ ਤਿੱਖੇ ਹਮਲੇ ਬੋਲੇ ਸਨ। ਭਾਜਪਾ ਤਰਜਮਾਨ ਪ੍ਰਦੀਪ ਭੰਡਾਰੀ ਨੇ ਦੋਸ਼ ਲਾਇਆ ਸੀ ਕਿ ਰਾਹੁਲ ਗਾਂਧੀ ਅਤੇ ਉਨ੍ਹਾ ਦਾ ਪੂਰਾ ਈਕੋਸਿਸਟਮ ਦੇਸ਼ ਵਿੱਚ 'ਬੰਗਲਾਦੇਸ਼ ਵਰਗੀ ਅਰਾਜਕਤਾ' ਫੈਲਾ ਕੇ ਸਰਕਾਰ ਡੇਗਣਾ ਚਾਹੁੰਦਾ ਹੈ। ਹਾਲਾਂਕਿ, ਦੀਪਕੇ ਨੇ ਭਾਜਪਾ ਦੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਸਿਰਫ ਚੋਣ ਪ੍ਰਣਾਲੀ ਦੀ ਪਾਰਦਰਸ਼ਤਾ ਲਈ ਲੜ ਰਹੇ ਹਨ।

## ਨਸ਼ੇ ਵੇਚਣ ਤੋਂ ਰੋਕਣ 'ਤੇ ਹੱਤਿਆ

**ਸ੍ਰੀ ਹਰਗੋਬਿੰਦਪੁਰ** : ਇੱਥੋਂ ਥੋੜ੍ਹੀ ਦੂਰ ਪਿੰਡ ਮਾੜੀ ਪੰਨੂਆਂ ਵਿੱਚ ਨਸ਼ੇ ਵੇਚਣ ਤੋਂ ਰੋਕਣ ਲਈ ਹੋਈ ਤਕਰਾਰ ਵਿੱਚ ਤਿੰਨ ਨੌਜਵਾਨ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਦੋ ਨੌਜਵਾਨ ਹਸਪਤਾਲ ਦਾਖ਼ਲ ਹਨ। ਪਿੰਡ ਦੇ ਸਰਪੰਚ ਸੁਰਿੰਦਰਪਾਲ ਸਿੰਘ ਬਾਜਵਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਿੰਡ ਵਿੱਚ ਨਸ਼ੇ ਵੇਚੇ ਜਾ ਰਹੇ ਹਨ। ਜਦੋਂ ਬਿਕਰਮਜੀਤ ਸਿੰਘ, ਨਿਸ਼ਾਨ ਸਿੰਘ ਅਤੇ ਗੁਰਮੁੱਖ ਸਿੰਘ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਤਿੱਖੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜ਼ਖ਼ਮੀਆਂ ਵਿੱਚੋਂ ਬਿਕਰਮਜੀਤ ਸਿੰਘ (40) ਦੀ ਮੌਤ ਹੋ ਗਈ। ਉੱਧਰ ਸ੍ਰੀ ਹਰਗੋਬਿੰਦਪੁਰ ਦੇ ਡੀ ਐੱਸ ਪੀ ਮਨੋਜ ਕੁਮਾਰ ਨੇ ਨਸ਼ੇ ਵੇਚਣ ਤੋਂ ਰੋਕਣ ਉੱਤੇ ਹੋਏ ਕਤਲ ਨੂੰ ਅਫ਼ਵਾਹ ਦੱਸਿਆ। ਉਨ੍ਹਾਂ ਦੱਸਿਆ ਕਿ ਅਸਲ ਵਿੱਚ ਮੋਬਾਈਲ ਗੁੰਮ ਹੋਣ ਕਾਰਨ ਇੱਕ-ਦੂਸਰੇ ਉੱਤੇ ਇਲਜ਼ਾਮ ਲਗਾਏ ਗਏ, ਸਿੱਟੇ ਵਜੋਂ ਖ਼ੂਨੀ ਝੜਪ ਵਿੱਚ ਇੱਕ ਦੀ ਮੌਤ ਹੋਈ ਹੈ।

# ਪਰਵਿੰਦਰ ਝੋਟੇ ਨੂੰ ਇਨਸਾਫ ਦਿਵਾਉਣ ਤੱਕ ਡਟਾਂਗੇ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਪਰਵਿੰਦਰ ਝੋਟੇ ਨੂੰ ਇਨਸਾਫ ਦਿਵਾਉਣ ਲਈ ਗਠਿਤ ਐਕਸ਼ਨ ਕਮੇਟੀ ਤੇ ਪਰਵਾਰ ਦੀ ਅਗਵਾਈ ਹੇਠ ਚਲ ਰਹੇ ਅੰਦੋਲਨ ਦੇ ਚੌਥੇ ਦਿਨ ਸ਼ੁੱਕਰਵਾਰ ਵੀ ਸਰਕਾਰ ਖਿਲਾਫ ਰੋਸ ਧਰਨੇ ਵਿੱਚ ਵੱਡੀ ਗਿਣਤੀ 'ਚ ਧਾਰਮਕ, ਸਮਾਜਕ, ਵਪਾਰਕ, ਰਾਜਸੀ, ਜਨਤਕ ਤੇ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਤੋਂ ਇਲਾਵਾ ਆਮ ਲੋਕਾਂ ਦੀ ਆਮਦ ਤੇ ਸ਼ਮੂਲੀਅਤ ਜਾਰੀ ਰਹੀ।ਉਨ੍ਹਾਂ ਨੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਰੋਸ ਜ਼ਾਹਰ ਕਰਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਗੁੱਸੇ ਦਾ ਪ੍ਰਗਟਾਵਾ ਕੀਤਾ।

ਸੀ ਪੀ ਆਈ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ, ਲਾਅ ਐਂਡ ਆਰਡਰ ਦੀ ਨਾਜ਼ੁਕ ਸਥਿਤੀ ਕਾਰਨ ਪਰਮਿੰਦਰ ਝੋਟੇ ਦਾ ਕਤਲ ਹੋਇਆ ਹੈ ਕਿਉਂਕਿ ਇਸ ਕਤਲ ਪਿੱਛੇ ਸਾਜ਼ਿਸ਼ਕਰਤਾਵਾਂ ਦੇ ਇੱਕ ਸਿਸਟਮ ਦਾ ਵੱਡਾ ਹੱਥ ਹੈ। ਉਨ੍ਹਾ ਝੋਟੇ ਨੂੰ ਇਨਸਾਫ਼ ਦਿਵਾਉਣ ਤੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਅਤੇ ਮੰਗਾਂ ਨੂੰ ਲਾਗੂ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਣ ਦੀ ਜ਼ੋਰਦਾਰ ਅਪੀਲ ਵੀ ਕੀਤੀ।ਉਨ੍ਹਾ ਸੀ ਪੀ ਆਈ ਆਗੂਆਂ ਤੇ ਕਾਰਕੁੰਨਾਂ ਨੂੰ ਅੰਦੋਲਨ ਦੀ ਜਿੱਤ ਯਕੀਨੀ ਬਣਾਉਣ ਲਈ ਡਟੇ ਰਹਿਣ ਦੀ ਤਾਕੀਦ ਕਰਦਿਆਂ ਸੰਘਰਸ਼ ਦੌਰਾਨ ਹਰ ਰੋਜ਼ ਵੱਡੀ 'ਚ ਸ਼ਮੂਲੀਅਤ ਕਰਨ ਦਾ ਸੱਦਾ ਵੀ ਦਿੱਤਾ।

ਇਸ ਮੌਕੇ ਸੀ ਪੀ ਆਈ ਆਗੂਆਂ ਬਲਵੰਤ ਸਿੰਘ ਫੱਕਰ, ਰਤਨ ਭੋਲਾ, ਗੁਰਦਿਆਲ ਸਿੰਘ, ਸੁਖਦੇਵ ਸਿੰਘ, ਬੂਟਾ ਸਿੰਘ ਬਰਨਾਲਾ, ਰਾਜ ਕੁਮਾਰ ਸ਼ਰਮਾ ਆਦਿ ਸਮੇਤ ਵੱਡੀ ਗਿਣਤੀ 'ਚ ਵਰਕਰਾਂ ਨੇ ਵੀ ਧਰਨੇ ਵਾਲੀ ਜਗ੍ਹਾ ਪਹੁੰਚ ਕੇ ਸੰਘਰਸ਼ ਦੀ ਹਰ ਤਰ੍ਹਾਂ ਨਾਲ ਹਮਾਇਤ ਦਾ ਅਹਿਦ ਕੀਤਾ।

## ਜਥੇਦਾਰ ਵੱਲੋਂ ਪਰਵਿੰਦਰ ਝੋਟਾ ਨੂੰ ਕੌਮੀ ਸ਼ਹੀਦ ਦਾ ਦਰਜਾ

**ਮਾਨਸਾ** : ਪਰਵਿੰਦਰ ਸਿੰਘ ਝੋਟਾ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਦੇ ਨੇੜੇ ਤਿਕੋਣੀ ਵਿਖੇ ਧਰਨੇ ਵਾਲੀ ਥਾਂ 'ਤੇ ਪੁੱਜੇ ਜਥੇਦਾਰ ਗੜਗੱਜ ਨੇ ਕਿਹਾ ਕਿ ਝੋਟੇ ਵੱਲੋਂ ਪੰਜਾਬ ਵਿਚ ਨਸ਼ਿਆਂ ਵਿਰੁੱਧ ਜੰਗ ਵਿੱਢੀ ਹੋਈ ਸੀ, ਜਿਸ ਕਰਕੇ ਉਸ ਨੇ ਆਪਣੀ ਕੁਰਬਾਨੀ ਦੇ ਦਿੱਤੀ। ਉਹ ਪੰਜਾਬ ਦੀ ਜਵਾਨੀ ਅਤੇ ਹਰ ਘਰ ਲਈ ਸ਼ਹੀਦ ਹੋਇਆ ਹੈ। ਇਸੇ ਦੌਰਾਨ ਸੰਘਰਸ਼ ਕਮੇਟੀ ਵੱਲੋਂ ਸ਼ਹਿਰ ਦੇ ਦੁਕਾਨਦਾਰਾਂ ਨੂੰ ਦੁਕਾਨਾਂ ਖੋਲ੍ਹਣ ਲਈ ਅਪੀਲ ਕਰਨ ਤੋਂ ਬਾਅਦ ਸਾਰਾ ਸ਼ਹਿਰ ਖੁੱਲ੍ਹ ਗਿਆ।

## ਅਸ਼ਵਨੀ ਦੀ ਦੁਕਾਨ 'ਤੇ ਲਾਇਆ ਝੋਟੇ ਦਾ ਬੈਨਰ




**ਮਾਨਸਾ** : ਪਰਵਿੰਦਰ ਸਿੰਘ ਝੋਟਾ ਦੀ ਮੌਤ ਤੋਂ ਬਾਅਦ ਨਸ਼ਿਆਂ ਵਿਰੁੱਧ ਮੁਹਿੰਮ ਨਾਲ ਜੁੜਿਆ ਮਾਮਲਾ ਮੁੜ ਚਰਚਾ ਵਿੱਚ ਆ ਗਿਆ ਹੈ। ਨਸ਼ਾ ਤਸਕਰੀ ਤੇ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਸ਼ਵਨੀ ਦੀ ਦੁਕਾਨ ਨੂੰ ਤੋੜੇ ਜਾਣ ਤੋਂ ਬਾਅਦ ਉੱਥੇ ਪਰਵਿੰਦਰ ਸਿੰਘ ਝੋਟਾ ਦਾ ਬੈਨਰ ਲਗਾਇਆ ਗਿਆ ਹੈ। ਇਸ ਬੈਨਰ ਉੱਤੇ ਲਿਖਿਆ ਸੰਦੇਸ਼ ਲੋਕਾਂ ਦਾ ਧਿਆਨ ਖਿੱਚ ਰਿਹਾ ਹੈ। ਬੈਨਰ ਉੱਤੇ ਲਿਖਿਆ ਗਿਆ ਹੈ, "ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।" ਇਸ ਸੰਦੇਸ਼ ਰਾਹੀਂ ਪਰਵਿੰਦਰ ਸਿੰਘ ਝੋਟਾ ਦੀ ਨਸ਼ਿਆਂ ਵਿਰੁੱਧ ਸੋਚ ਅਤੇ ਮੁਹਿੰਮ ਨੂੰ ਅੱਗੇ ਵਧਾਉਣ ਦਾ ਸੁਨੇਹਾ ਦਿੱਤਾ ਗਿਆ ਹੈ।

## ਸੁਰਜੀਤ ਜੱਜ ਤੇ ਸੁਸ਼ੀਲ ਦੁਸਾਂਝ, ਹਰਮੀਤ ਵਿਦਿਆਰਥੀ ਤੇ ਮੱਖਣ ਕੁਹਾੜ ਵਿਚਾਲੇ ਸਿੱਧਾ ਮੁਕਾਬਲਾ

**ਜਲੰਧਰ (ਕੇਸਰ)**

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਰਜਿਸਟਰਡ ਦੀਆਂ 25 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਲਈ ਨਾਮਜ਼ਦਗੀਆਂ ਦਾ ਪੜਾਅ ਮੁਕੰਮਲ ਹੋਣ ਉਪਰੰਤ 12 ਅਹੁਦਿਆਂ ਲਈ ਕੁੱਲ 25 ਉਮੀਦਵਾਰ ਮੈਦਾਨ ਵਿੱਚ ਹਨ।

ਤਿੰਨਾਂ ਹੀ ਚੋਣ ਅਧਿਕਾਰੀਆਂ ਡਾਕਟਰ ਲਖਵਿੰਦਰ ਸਿੰਘ ਜੌਹਲ, ਸਤਨਾਮ ਸਿੰਘ ਮਾਣਕ ਅਤੇ ਡਾਕਟਰ ਤੇਜਿੰਦਰ ਵਿਰਲੀ ਨੇ ਦੱਸਿਆ ਕਿ ਪ੍ਰਧਾਨਗੀ ਦੇ ਅਹੁਦੇ ਲਈ ਸੁਰਜੀਤ ਜੱਜ ਅਤੇ ਸੁਸ਼ੀਲ ਦੁਸਾਂਝ ਵਿਚਕਾਰ ਸਿੱਧਾ ਮੁਕਾਬਲਾ ਹੋਵੇਗਾ, ਜਦੋਂ ਕਿ ਸੀਨੀਅਰ ਮੀਤ ਪ੍ਰਧਾਨ ਲਈ ਅਮਰਿੰਦਰ ਸਿੰਘ ਸੋਹਲ, ਡਾ. ਗੁਰਵਿੰਦਰ ਅਮਨ ਅਤੇ ਸ਼ਿੰਦਰ ਪਾਲ ਸਿੰਘ (ਪ੍ਰੋ.) ਵਿਚਕਾਰ ਮੁਕਾਬਲਾ ਹੈ। ਜਨਰਲ ਸਕੱਤਰ ਦੇ ਅਹੁਦੇ ਲਈ ਹਰਮੀਤ ਵਿਦਿਆਰਥੀ ਅਤੇ ਮੱਖਣ ਕੋਹਾੜ ਵਿਚਕਾਰ ਸਿੱਧਾ ਮੁਕਾਬਲਾ ਹੋਵੇਗਾ। ਮੀਤ ਪ੍ਰਧਾਨਗੀ ਲਈ ਜੈਨਿੰਦਰ ਚੌਹਾਨ, ਸੁਰਿੰਦਰ ਗਿੱਲ ਜੈਪਾਲ, ਦੀਪ ਦਵਿੰਦਰ ਸਿੰਘ, ਸੁਰਿੰਦਰਪ੍ਰੀਤ ਘਣੀਆ, ਗੁਰਮੀਤ ਸਿੰਘ ਬਾਜਵਾ, ਹਰਜੀਤ ਸਿੰਘ ਸੰਧੂ, ਬਲਦੇਵ ਸਿੰਘ ਬੱਲੀ, ਸ਼ਬਦੀਸ਼, ਬਲਵਿੰਦਰ ਸਿੰਘ ਭੁੱਲਰ ਤੇ ਪਾਲ ਗੁਰਦਾਸ ਪੁਰੀ ਨੇ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਏ। ਇਸ ਮੁਕਾਬਲੇ ਵਿਚ ਸੁਰਿੰਦਰ ਗਿੱਲ ਜੈਪਾਲ ਨਿਰ ਵਿਰੋਧ ਚੁਣੀ ਗਈ, ਕਿਉਂਕਿ ਉਸ ਦੇ ਮੁਕਾਬਲੇ ਖੜੇ ਉਮੀਦਵਾਰ ਨੇ ਆਪਣਾ ਨਾਂਅ ਵਾਪਸ ਲੈ ਲਿਆ ਸੀ।

ਸਕੱਤਰ ਦੇ ਅਹੁਦੇ ਲਈ ਸੇਲਿੰਦਰਜੀਤ ਸਿੰਘ ਰਾਜਨ, • ਬਾਕੀ ਸਫਾ 2 'ਤੇ

## ਪੱਤਰਕਾਰ ਪ੍ਰਦੀਪ ਸੱਪਲ ਨਹੀਂ ਰਹੇ

**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਕਸਬਾ ਲੌਂਗੋਵਾਲ ਤੋਂ ਨਵਾਂ ਜ਼ਮਾਨਾ ਦੇ ਸੀਨੀਅਰ ਪੱਤਰਕਾਰ ਪ੍ਰਦੀਪ ਸੱਪਲ, ਜੋ ਕਿ ਪਿਛਲੇ ਕਈ ਸਾਲਾਂ ਤੋਂ ਪੱਤਰਕਾਰੀ ਦੀ ਸੇਵਾ ਨਿਭਾਅ ਰਹੇ ਸਨ, ਨੇ ਬਠਿੰਡਾ ਏਮਜ਼ ਹਸਪਤਾਲ ਵਿਖੇ ਆਪਣਾ ਆਖਰੀ ਸਾਹ ਲਿਆ। ਸੁਨਾਮ ਸਿਟੀ ਪ੍ਰੈੱਸ ਕਲੱਬ ਦੇ ਪ੍ਰਧਾਨ ਤਰੁਨ ਬਾਂਸਲ ਤੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਦੀ ਮੌਤ ਦੇ ਦੁੱਖ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।ਭਵਾਨੀਗੜ੍ਹ ਦੇ ਪੱਤਰਕਾਰ ਰਾਜ ਕੁਮਾਰ ਖੁਰਮੀ ਨੇ ਕਿਹਾ ਕਿ ਅਜਿਹੇ ਸੀਨੀਅਰ ਪੱਤਰਕਾਰ ਤੋਂ ਸਾਨੂੰ ਕੁਝ ਸਿੱਖਣ ਨੂੰ ਹੀ ਮਿਲਦਾ ਸੀ। ਸੁਨਾਮ ਦੇ ਪੱਤਰਕਾਰ ਹਾਕਮ ਸਿੰਘ ਭੱਟੀ ਤੇ ਅਸ਼ੋਕ ਬਾਂਸਲ ਨੇ ਕਿਹਾ ਕਿ ਉਨ੍ਹਾ ਦੀ ਘਾਟ ਕਦੇ ਵੀ ਪੂਰੀ ਨਹੀਂ ਹੋਵੇਗੀ।



## ਮਸਕ ਨੇ ਉੱਡਣ ਵਾਲੀ ਕਾਰ ਦਿਖਾਈ



**ਨਿਊ ਯਾਰਕ (ਨ ਜ਼ ਸ)** : ਐਲੋਨ ਮਸਕ ਦੀ ਟੈਸਲਾ ਕੰਪਨੀ ਨੇ ਸ਼ੁੱਕਰਵਾਰ ਉੱਡਣ ਵਾਲੀ ਟੂ-ਸੀਟਰ ਕਾਰ ਦਾ ਪ੍ਰਦਰਸ਼ਨ ਕੀਤਾ। ਰੋਡਸਟਰ ਦੂਜੀ ਪੀੜ੍ਹੀ ਦੀ ਕਾਰ ਇੱਕ ਵੱਡੇ, ਵਕਰ ਵਾਲੇ ਰੈਂਪ ਉੱਤੇ ਗਈ ਅਤੇ ਪੁੱਠੀ ਬਾਜ਼ੀ ਮਾਰ ਕੇ ਉੱਡ ਗਈ ਤੇ ਸੁਰੱਖਿਅਤ ਢੰਗ ਨਾਲ ਜ਼ਮੀਨ 'ਤੇ ਉਤਰ ਗਈ। ਇਹ ਕਾਰ ਰਾਕੇਟਾਂ ਵਿੱਚ ਵਰਤੇ ਜਾਣ ਵਾਲੇ ਥਰੱਸਟਰਾਂ ਨਾਲ ਲੈਸ ਹੈ। ਇਹ ਇਸ ਨੂੰ ਪੁੱਠੀ ਚੱਲਣ ਅਤੇ ਹਵਾ ਵਿੱਚ ਘੁੰਮਣ ਦੇ ਯੋਗ ਬਣਾਉਂਦੇ ਹਨ। ਇਹ ਸਿਰਫ 0.81 ਸਕਿੰਟਾਂ ਵਿੱਚ 97 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਫੜ ਸਕਦੀ ਹੈ। ਕਾਰ ਦਾ ਉਤਪਾਦਨ 2028 ਵਿੱਚ ਸ਼ੁਰੂ ਹੋਵੇਗਾ।

ਮਸਕ ਨੇ ਕਾਰ ਨੂੰ ਟੈਸਲਾ ਅਤੇ ਸਪੇਸਐਕਸ ਇੰਜੀਨੀਅਰਾਂ ਵਿਚਕਾਰ ਸਹਿਯੋਗ ਦਾ ਨਤੀਜਾ ਦੱਸਿਆ। ਮਸਕ ਨੇ ਦੱਸਿਆ ਕਿ ਕਾਰ ਆਪਣੇ ਆਪ ਨੂੰ ਅੱਗੇ ਵਧਾਉਣ ਲਈ ਇੱਕ ਉੱਨਤ ਅੱਤ-ਉੱਚ-ਦਬਾਅ ਵਾਲੇ ਏਅਰ ਟੈਂਕ ਦੀ ਵਰਤੋਂ ਕਰਦੀ ਹੈ। ਇਹ ਰਾਕੇਟ ਵਾਂਗ ਉੱਡ ਸਕਦੀ ਹੈ ਅਤੇ ਐਰੋਬੈਟਿਕ ਅਭਿਆਸ ਕਰ ਸਕਦੀ ਹੈ। ਜਦੋਂ ਸਮਾਗਮ ਵਿੱਚ ਇੱਕ ਦਰਸ਼ਕ ਨੇ ਪੁੱਛਿਆ ਕਿ ਕੀ ਇਹ ਕਾਰ ਆਮ ਸੜਕਾਂ 'ਤੇ ਚਲਾਉਣ ਲਈ ਢੁੱਕਵੀਂ ਹੈ ਤਾਂ ਮਸਕ ਨੇ ਮਜ਼ਾਕ ਵਿੱਚ ਕਿਹਾ ਕਿ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੀ ਸੜਕ ਕਿਹੋ ਜਿਹੀ ਹੈ। ਹਾਲਾਂਕਿ, ਉਸ ਨੇ ਨਾਲ ਹੀ ਸਪੱਸ਼ਟ ਕੀਤਾ ਕਿ ਇਹ ਵਰਤਣ ਲਈ ਇੱਕ ਵਿਹਾਰਕ ਕਾਰ ਹੋਵੇਗੀ। ਮਸਕ ਨੇ ਕਿਹਾ ਕਿ ਰੋਡਸਟਰ ਦਾ ਉਤਪਾਦਨ 2028 ਵਿੱਚ ਸ਼ੁਰੂ ਹੋਵੇਗਾ। ਕਾਰ ਰਿਜ਼ਰਵ ਕਰਨ ਲਈ ਕੁੱਲ 50,000 ਡਾਲਰ ਦੇਣੇ ਪੈਣਗੇ। ਇਹ ਰਕਮ 100 ਫੀਸਦੀ ਵਾਪਸੀਯੋਗ ਹੈ। ਕਾਰ ਵਿੱਚ ਕੋਲਡ-ਗੈਸ ਥਰੱਸਟਰ ਤਕਨੀਕ ਵਰਤੀ ਗਈ ਹੈ, ਜੋ ਪੁਲਾੜ ਵਿੱਚ ਰਾਕੇਟਾਂ ਅਤੇ ਸੈਟੇਲਾਈਟਾਂ ਦੀ ਦਿਸ਼ਾ ਬਦਲਣ ਲਈ ਵਰਤੀ ਜਾਂਦੀ ਹੈ। ਵਾਹਨ ਨੂੰ ਵਾਧੂ ਜ਼ੋਰ ਜਾਂ ਲਿਫਟ ਦੇਣ ਲਈ ਸੰਕੁਚਿਤ ਹਵਾ/ਗੈਸ ਨੂੰ ਉੱਚ ਦਬਾਅ 'ਤੇ ਬਾਹਰ ਕੱਢਿਆ ਜਾਂਦਾ ਹੈ। ਸ਼ੁਰੂ ਵਿੱਚ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਕਾਰ 2020 ਤੱਕ ਸੜਕਾਂ 'ਤੇ ਆ ਜਾਵੇਗੀ, ਪਰ ਡਿਜ਼ਾਈਨ ਅਤੇ ਨਿਰਮਾਣ ਚੁਣੌਤੀਆਂ ਦੇ ਕਾਰਨ ਇਸ ਵਿੱਚ ਲੱਗਭੱਗ 8 ਸਾਲ ਦੀ ਦੇਰੀ ਹੋ ਗਈ ਹੈ।

## ਅੱਜ-ਨਾਮਾ

ਸਾਰੇ ਦੇਸ਼ ਵਿੱਚ ਮਾਰ ਲਏ ਨਜ਼ਰ ਕੋਈ,
ਭੜਕਦੇ ਸਾਰੇ ਥਾਂ ਪਏ ਹਨ ਲੋਕ ਮੀਆਂ।
ਬਹੁਤਾ ਭੜਕੇ ਆ ਚੋਣ ਕਮਿਸ਼ਨ ਕਾਰਨ,
ਜਿਹੜਾ ਹੁਕਮ ਕਸੂਤੇ ਰਿਹਾ ਠੋਕ ਮੀਆਂ।
ਅੱਗੋਂ ਭੜਕਦਾ ਰੋਹ ਅਟਕਾਉਣ ਖਾਤਰ,
ਪੂਰੀ ਤਾਕਤ ਸਰਕਾਰ ਰਹੀ ਝੋਕ ਮੀਆਂ।
ਵਗਦਾ ਵਹਿਣ ਆ ਜਿਵੇਂ ਦਾ ਏਸ ਵਾਰੀ,
ਜਾਪਦਾ ਸਕੂਗਾ ਕੋਈ ਨਹੀਂ ਰੋਕ ਮੀਆਂ।
ਪਹਿਲਾਂ ਕੀਤੀ ਸਰਕਾਰ ਨੇ ਅਕਲ ਹੁੰਦੀ,
ਪਿੱਟਣੇ ਕਦੇ ਨਹੀਂ ਲੱਗੇ ਸੀ ਪੈਣ ਮੀਆਂ।
ਲੋਕੀਂ ਬਣ ਕੇ ਵਹਿਣ ਹਨ ਜਿਵੇਂ ਨਿਕਲੇ,
ਕਦਮ ਪਿੱਛੇ ਨਹੀਂ ਲੱਗੇ ਈ ਲੈਣ ਮੀਆਂ।

-ਤੀਸ ਮਾਰ ਖਾਂ

# 'ਆਪ' ਵਿਧਾਇਕ ਗਿਆਸਪੁਰਾ ਤਨਖਾਹੀਆ ਕਰਾਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਨੇ ਆਦੇਸ਼ ਜਾਰੀ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਪਾਇਲ (ਲੁਧਿਆਣਾ) ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਸ਼ੁੱਕਰਵਾਰ ਤਨਖਾਹੀਆ ਕਰਾਰ ਦੇ ਦਿੱਤਾ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ 12 ਅਕਤੂਬਰ ਨੂੰ ਵਾਪਰੀ ਘਟਨਾ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਵਿਖੇ ਸਪੱਸ਼ਟੀਕਰਨ ਸੌਂਪਿਆ ਸੀ, ਜਿਸ ਵਿੱਚ ਉਨ੍ਹਾਂ ਨੇ ਗਿਆਸਪੁਰਾ ਵੱਲੋਂ ਲਾਏ ਗਏ ਦੋਸ਼ਾਂ ਤੋਂ ਕਿਨਾਰਾ ਕੀਤਾ ਸੀ।

12 ਅਕਤੂਬਰ ਨੂੰ 'ਆਪ' ਵਿਧਾਇਕਾਂ ਦੇ ਨਾਲ ਮੰਗ ਪੱਤਰ ਦੇਣ ਆਏ ਗਿਆਸਪੁਰਾ ਨੇ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਦੇ ਬਾਹਰ ਜਾਤ-ਪਾਤ ਅਧਾਰਤ ਵਿਤਕਰੇ ਸੰਬੰਧੀ ਮੀਡੀਆ ਵਿੱਚ ਬਿਆਨ ਦਿੱਤੇ ਸਨ ਅਤੇ ਸਿੱਖ ਸੰਸਥਾਵਾਂ ਤੇ ਸਿੱਖ ਸ਼ਖ਼ਸੀਅਤਾਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਵਰਤੀ ਸੀ। ਉਨ੍ਹਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਆਉਣ ਤੋਂ ਰੋਕਿਆ ਗਿਆ ਸੀ।

ਇਸ ਦੇ ਮੱਦੇਨਜ਼ਰ ਕੁਝ ਵਿਧਾਇਕ ਅਤੇ 'ਆਪ' ਦੇ ਕੁਝ ਸਿਆਸਤਦਾਨ ਜਥੇਦਾਰ ਦੇ ਆਦੇਸ਼ ਅਨੁਸਾਰ ਸਕੱਤਰੇਤ ਵਿਖੇ ਪੇਸ਼ ਹੋਏ। 'ਆਪ' ਵਿਧਾਇਕਾਂ ਨੇ ਆਪਣੀ ਗਲਤੀ ਮੰਨੀ ਕਿ ਜਥੇਦਾਰ ਵੱਲੋਂ ਹੋਏ ਆਦੇਸ਼ ਦੇ ਬਾਵਜੂਦ ਵੀ ਉਨ੍ਹਾਂ ਨੇ 12 ਅਕਤੂਬਰ ਨੂੰ ਬਾਹਰ ਮੀਡੀਆ ਵਿੱਚ ਜਾ ਕੇ ਇਸ ਗੱਲ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਸਥਿਤੀ ਸਪੱਸ਼ਟ ਕੀਤੀ ਕਿ ਉਨ੍ਹਾਂ ਨਾਲ ਜਾਤ-ਪਾਤ ਅਧਾਰਤ ਕੋਈ ਵਿਤਕਰਾ ਨਹੀਂ ਹੋਇਆ ਹੈ। ਇਨ੍ਹਾਂ ਵਿਧਾਇਕਾਂ ਨੇ ਗੁਰੂ ਸਾਹਿਬ ਪਾਸੋਂ ਖਿਮਾ ਜਾਚਨਾ ਕੀਤੀ ਅਤੇ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਉਣ ਤੋਂ ਕਿਸੇ ਨੂੰ ਜਾਤ-ਪਾਤ, ਨਸਲ ਭੇਦ, ਰੰਗ ਭੇਦ ਦੇ ਅਧਾਰ ਉੱਤੇ ਕਦੇ ਵੀ ਨਹੀਂ ਰੋਕਿਆ ਗਿਆ। 'ਆਪ' ਵਿਧਾਇਕਾਂ ਤੇ ਸਿਆਸਤਦਾਨਾਂ ਨੇ ਕਿਹਾ ਕਿ ਗਿਆਸਪੁਰਾ ਵੱਲੋਂ ਕੀਤੀ ਟਿੱਪਣੀ ਨਾਲ ਉਹ ਸਹਿਮਤ ਨਹੀਂ ਹਨ ਅਤੇ ਇਹ ਉਸ ਦੇ ਨਿੱਜੀ ਵਿਚਾਰ ਹਨ। ਜਥੇਦਾਰ ਗੜਗੱਜ ਨੇ ਵਿਧਾਇਕਾਂ ਅਤੇ ਸਿਆਸਤਦਾਨਾਂ ਨੂੰ ਹਦਾਇਤ ਕੀਤੀ ਕਿ ਉਹ ਬਾਹਰ ਜਾ ਕੇ ਮੀਡੀਆ ਵਿੱਚ ਗਿਆਸਪੁਰਾ ਨਾਲ ਸਬੰਧਤ ਇਤਰਾਜ਼ਯੋਗ ਟਿੱਪਣੀਆਂ ਬਾਰੇ ਸਥਿਤੀ ਸਪੱਸ਼ਟ ਕਰਨ।

ਸਿੰਘ ਸਾਹਿਬਾਨ ਨੇ ਸਿੱਖ ਪ੍ਰਚਾਰਕ ਜੀਵਨ ਸਿੰਘ ਬਗੀਚੀ ਵਾਲੇ ਵਿਰੁੱਧ ਵੀ ਆਦੇਸ਼ ਜਾਰੀ ਕੀਤਾ। ਉਨ੍ਹਾ 'ਤੇ ਸਿੱਖੀ ਵਿਰੋਧੀ ਪ੍ਰਚਾਰ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਚੁਣੌਤੀ ਦੇਣ ਦੇ ਦੋਸ਼ ਹਨ। ਇਸ ਦੇ ਮੱਦੇਨਜ਼ਰ ਉਨ੍ਹਾ ਦੇ ਪ੍ਰਚਾਰ ਕਰਨ ਅਤੇ ਕੀਰਤਨ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ।

## ਪੈਰਾਮੋਟਰ ਉਡਾ ਕੇ ਪਹੁੰਚਦਾ ਹੈ ਦਫ਼ਤਰ



**ਵਾਸ਼ਿੰਗਟਨ** : ਅਮਰੀਕਾ ਦੇ ਇੱਕ ਵਿਅਕਤੀ ਨੇ ਰੋਜ਼ਾਨਾ ਦਫ਼ਤਰ ਜਾਣ ਵੇਲੇ ਮਿਲਣ ਵਾਲੇ ਟਰੈਫ਼ਿਕ ਜਾਮ ਤੋਂ ਛੁਟਕਾਰਾ ਪਾਉਣ ਲਈ ਇੱਕ ਬਹੁਤ ਹੀ ਅਨੋਖਾ ਅਤੇ ਹੈਰਾਨੀਜਨਕ ਤਰੀਕਾ ਲੱਭ ਲਿਆ ਹੈ। ਇਹ ਸ਼ਖ਼ਸ ਗੱਡੀ ਦੀ ਸਟੀਅਰਿੰਗ ਸੰਭਾਲਣ ਅਤੇ ਸੜਕੀ ਜਾਮ ਵਿੱਚ ਫਸਣ ਦੀ ਬਜਾਏ ਪੈਰਾਮੋਟਰ ਰਾਹੀਂ ਹਵਾ ਵਿੱਚ ਉੱਡ ਕੇ ਆਪਣੇ ਦਫ਼ਤਰ ਪਹੁੰਚਦਾ ਹੈ। ਉਹ ਆਪਣੇ ਘਰ ਦੇ ਬਾਹਰੋਂ ਉਡਾਣ ਭਰਦਾ ਹੈ ਅਤੇ ਸਿੱਧਾ ਉਸ ਹਵਾਈ ਅੱਡੇ 'ਤੇ ਉੱਤਰਦਾ ਹੈ, ਜਿੱਥੇ ਉਹ ਨੌਕਰੀ ਕਰਦਾ ਹੈ। ਏਅਰ ਟਰੈਫ਼ਿਕ ਕੰਟਰੋਲਰ ਵਜੋਂ ਤਾਇਨਾਤ ਜੈਕਬ ਹਟਜ਼ਲਰ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਸਾਂਝੀ ਕਰਕੇ ਆਪਣੀ ਇਸ ਅਨੋਖੀ ਰੁਟੀਨ ਦੀ ਝਲਕ ਦਿਖਾਈ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਉਹ ਕਾਰ ਦੀਆਂ ਚਾਬੀਆਂ ਚੁੱਕਣ ਦੀ ਬਜਾਏ ਹਵਾਈ ਉਡਾਣ ਦੇ ਸਾਜ਼ੋ- • ਬਾਕੀ ਸਫਾ 2 'ਤੇ

# ਦਿੱਲੀ 'ਚ ਗੁੰਡਾਗਰਦੀ

*ਦਿੱਲੀ ਪੁਲਸ ਦੇ ਇਤਿਹਾਸ ਦਾ ਸਭ ਤੋਂ ਸ਼ਰਮਨਾਕ ਦੌਰ ਹੈ। ਇਹ ਸਰਕਾਰ ਵਿਰੁੱਧ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਦਬਾਉਣ ਲਈ ਗੁੰਡਿਆਂ ਦਾ ਸਹਾਰਾ ਲੈ ਰਹੀ ਹੈ। ਇਸ ਦੀ ਨਿਗਰਾਨੀ ਹੇਠ ਅਤੇ ਇਸ ਦੇ ਇਸ਼ਾਰੇ 'ਤੇ ਗੁੰਡੇ ਪ੍ਰਦਰਸ਼ਨਕਾਰੀਆਂ 'ਤੇ ਹਮਲੇ ਕਰ ਰਹੇ ਹਨ। ਡੰਡਿਆਂ ਅਤੇ ਹਥਿਆਰਾਂ ਨਾਲ ਭਰੀਆਂ ਕਾਰਾਂ ਵਿੱਚ ਆਉਂਦੇ ਗੁੰਡੇ ਸੜਕਾਂ 'ਤੇ ਪ੍ਰਦਰਸ਼ਨਕਾਰੀਆਂ ਨੂੰ ਖੁੱਲ੍ਹੇਆਮ ਧਮਕੀਆਂ ਦਿੰਦੇ ਅਤੇ ਕੁੱਟਦੇ ਹਨ, ਜਦੋਂ ਕਿ ਪੁਲਸ ਅਧਿਕਾਰੀ ਚੁੱਪਚਾਪ ਅਜਿਹਾ ਹੋਣ ਦਿੰਦੇ ਹਨ। ਗੁੰਡੇ ਪੱਤਰਕਾਰਾਂ ਨੂੰ ਵੀ ਘੇਰਦੇ ਤੇ ਧਮਕਾਉਂਦੇ ਹਨ। ਕੁਝ ਗੁੰਡੇ ਤਾਂ ਮਾਈਕ੍ਰੋਫ਼ੋਨ ਚੁੱਕੀ ਖੁਦ ਨੂੰ ਪੱਤਰਕਾਰਾਂ ਵਜੋਂ ਵੀ ਪੇਸ਼ ਕਰਦੇ ਹਨ। ਇਹ ਗੁੰਡੇ ਦਾਅਵਾ ਕਰਦੇ ਹਨ ਕਿ ਉਹ ਦਿੱਲੀ ਪੁਲਸ ਦੀ ਮਦਦ ਕਰ ਰਹੇ ਹਨ, ਕਿਉਂਕਿ ਦਿੱਲੀ ਪੁਲਸ ਨਾਲ ਬੇਇਨਸਾਫੀ ਹੋ ਰਹੀ ਹੈ, ਇਸ ਦੇ ਕਰਮਚਾਰੀਆਂ ਨਾਲ ਹਿੰਸਾ ਹੋ ਰਹੀ ਹੈ ਅਤੇ ਇਸ ਨੂੰ ਲੋਕਾਂ ਦੀ ਮਦਦ ਦੀ ਲੋੜ ਹੈ। ਹੁਣ ਤੱਕ ਦਿੱਲੀ ਪੁਲਸ ਨੇ ਇਨ੍ਹਾਂ ਗੁੰਡਿਆਂ ਦੀ ਨਿੰਦਾ ਨਹੀਂ ਕੀਤੀ ਹੈ। ਸਾਫ ਹੈ ਕਿ ਜੇ ਲੋਕਾਂ ਦਾ ਇੱਕ ਹਿੱਸਾ ਉਸ ਨੂੰ ਹਥਿਆਰਬੰਦ ਸਹਾਇਤਾ ਪ੍ਰਦਾਨ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ?*

*ਲੋਕ, ਖਾਸ ਕਰਕੇ ਨੌਜਵਾਨ, ਚੋਣ ਧਾਂਦਲੀ ਦੇ ਖਿਲਾਫ ਨਿਹੱਥੇ ਪ੍ਰਦਰਸ਼ਨ ਕਰਦੇ ਹਨ, ਉਨ੍ਹਾਂ ਦੀਆਂ ਆਵਾਜ਼ਾਂ ਸਰਕਾਰ ਵਿਰੋਧੀ ਨਾਅਰਿਆਂ ਨਾਲ ਭਰੀਆਂ ਹੁੰਦੀਆਂ ਹਨ। ਉਹ ਪੁਲਸ 'ਤੇ ਹਮਲਾ ਨਹੀਂ ਕਰਦੇ। ਉਹ ਭੰਨਤੋੜ ਨਹੀਂ ਕਰਦੇ। ਫਿਰ ਵੀ ਪੁਲਸ ਉਨ੍ਹਾਂ ਨੂੰ ਬੇਰਹਿਮੀ ਨਾਲ ਘਸੀਟਦੀ ਅਤੇ ਕੁੱਟਦੀ ਹੈ। ਪਿਛਲੇ 10 ਸਾਲਾਂ ਤੋਂ ਇਹ ਨਾਅਰਾ ਵਾਰ-ਵਾਰ ਗੂੰਜਦਾ ਆ ਰਿਹਾ ਹੈ, 'ਦਿੱਲੀ ਪੁਲਸ, ਤਾਕਤ ਦੀ ਵਰਤੋਂ ਕਰੋ, ਅਸੀਂ ਤੁਹਾਡੇ ਨਾਲ ਹਾਂ'। 2020 ਵਿੱਚ ਪੁਲਸ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ 'ਤੇ ਗੁੰਡਿਆਂ ਵੱਲੋਂ ਕੀਤੇ ਗਏ ਹਮਲਿਆਂ ਨੂੰ ਨਾ ਸਿਰਫ ਹੋਣ ਦਿੱਤਾ, ਬਲਕਿ ਜਾਇਜ਼ ਵੀ ਠਹਿਰਾਇਆ। ਕਪਿਲ ਮਿਸ਼ਰਾ ਨੇ ਪੁਲਸ ਦੀ ਮੌਜੂਦਗੀ ਵਿੱਚ ਹਿੰਸਾ ਦੀ ਧਮਕੀ ਦਿੱਤੀ ਅਤੇ ਹਿੰਸਾ ਭੜਕ ਗਈ, ਪਰ ਪੁਲਸ ਨੇ ਐੱਫ ਆਈ ਆਰ ਦਰਜ ਨਹੀਂ ਕੀਤੀ। ਪੀੜਤ ਅਦਾਲਤਾਂ ਤੋਂ ਵੀ ਰਾਹਤ ਹਾਸਲ ਕਰਨ ਵਿੱਚ ਨਾਕਾਮ ਰਹੇ।*

*ਇਹ ਗੁੰਡੇ ਆਪਣੇ-ਆਪ ਨੂੰ ਰਾਸ਼ਟਰਵਾਦੀ ਅਤੇ ਹਿੰਦੂਤਵ ਸਮਰਥਕ ਕਹਿੰਦੇ ਹਨ। ਕੁਝ ਹਿੰਦੂ ਰਕਸ਼ਾ ਦਲ ਦੇ ਮੈਂਬਰ ਹਨ, ਕੁਝ ਹਿੰਦੂ ਫੌਜ ਦੇ ਸਿਪਾਹੀ ਹਨ। ਉਹ ਪੁਲਸ ਦੇ ਡੰਡੇ ਚੁੱਕਦੇ ਹਨ ਅਤੇ ਪੁਲਸ ਦੇ ਬੂਟ ਪਹਿਨਦੇ ਹਨ। ਤਾਂ ਕੀ ਇਹ ਮੰਨ ਲੈਣਾ ਚਾਹੀਦਾ ਹੈ ਕਿ ਪੁਲਸ ਹੁਣ ਹਿੰਦੂਤਵੀ ਹਿੰਸਕ ਗਰੋਹਾਂ ਦਾ ਹੀ ਵਿਸਥਾਰ ਬਣ ਗਈ ਹੈ?*

## ਪਾਠਕ-ਸੱਥ

### ਵੱਧ ਰਹੀ ਮਹਿੰਗਾਈ

ਪੱਛਮੀ ਏਸ਼ੀਆ ਵਿੱਚ ਜਾਰੀ ਟਕਰਾਅ ਅਤੇ ਹੋਰਮੁਜ਼ ਜਲ ਮਾਰਗ ਵਿੱਚ ਪੈਦਾ ਹੋਈਆਂ ਰੁਕਾਵਟਾਂ ਕਰਨ ਸੰਸਾਰ ਪੱਧਰ ਉੱਤੇ ਕੱਚੇ ਤੇਲ ਅਤੇ ਖਾਦਾਂ ਦੀ ਲਾਗਤ ਵਧ ਗਈ ਹੈ।ਅਕਤੂਬਰ 2026'ਚ ਪ੍ਰਚੂਨ ਮਹਿੰਗਾਈ ਨੇ ਤਕਰੀਬਨ ਪਿਛਲੇ 8 ਮਹੀਨਿਆਂ ਦਾ ਰਿਕਾਰਡ ਤੋੜ ਦਿੱਤਾ ਹੈ। ਥੋਕ ਮਹਿੰਗਾਈ ਵਧ ਕੇ 11.39 ਫੀਸਦੀ ਹੋ ਗਈ ਹੈ।ਭਾਰਤੀ ਰਿਜ਼ਰਵ ਬੈਂਕ ਨੇ ਪ੍ਰਚੂਨ ਮਹਿੰਗਾਈ ਨੂੰ ਤਕਰੀਬਨ ਚਾਰ ਫ਼ੀਸਦੀ ਤੇ ਰੱਖਣ ਦਾ ਟੀਚਾ ਤੈਅ ਕੀਤਾ ਸੀ। ਪਰ ਜਨਵਰੀ ਵਿਚ ਰਿਟੇਲ ਮਹਿੰਗਾਈ 5.30 ਫੀਸਦੀ ਤੋਂ ਵੱਧ ਹੋ ਗਈ ।ਇੰਝ ਜਾਪ ਰਿਹਾ ਹੈ ਕਿ ਵਿਆਜ ਦਰਾਂ ਵਿੱਚ ਆਰ ਬੀ ਆਈ ਜਲਦੀ ਹੀ ਹੋਰ ਵਾਧਾ ਕਰੇਗਾ। ਪਿਛਲੇ ਹਫਤੇ ਨੀਤੀਗਤ ਵਿਆਜ ਦਰ ,ਭਾਵ ਰੈਪੋ ਦਰ 0.25 ਫੀਸਦੀ ਦਾ ਵਾਧਾ ਕਰਕੇ ਇਸਨੂੰ 5.50 ਫੀਸਦੀ ਕਰ ਦਿੱਤਾ ਸੀ।ਸੁਭਾਵਿਕ ਹੀ ਹੈ ਕਿ ਆਮ ਆਦਮੀ ਦੀ ਜੇਬ ਤੇ ਹੋਰ ਬੋਝ ਵਧੇਗਾ। ਬੈਂਕਾਂ ਤੋਂ ਕਰਜ਼ਾ ਲੈਣਾ ਹੋਰ ਮਹਿੰਗਾ ਹੋਣ ਦੀ ਸੰਭਾਵਨਾ ਹੈ। ਖਰਾਬ ਮਾਨਸੂਨ, ਸਪਲਾਈ ਵਿੱਚ ਰੁਕਾਵਟਾਂ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਵਰਗੀਆਂ ਸਥਿਤੀਆਂ ਵੀ ਮਹਿੰਗਾਈ ਦਾ ਕਾਰਨ ਬਣ ਰਹੀਆਂ ਹਨ।ਕਾਬਿਲੇਗੌਰ ਖਾਣ ਪੀਣ ਵਾਲੀਆਂ ਤਕਰੀਬਨ ਸਾਰੀਆਂ ਚੀਜ਼ਾਂ ਦੇ ਰੇਟ ਤੇਜ਼ੀ ਨਾਲ ਵਧ ਰਹੇ ਹਨ । ਹਰ ਚੀਜ ਅੱਗ ਦੇ ਭਾਅ ਵਿਕ ਰਹੀ ਹੈ। ਸਤੰਬਰ ਦੇ ਮਹੀਨੇ ਚੀਨੀ ਦਾ ਰੇਟ 80 ਰੁਪਏ ਦੇ ਨੇੜੇ ਤੇੜੇ ਸੀ।ਅੱਜ ਵੀ ਬਾਜ਼ਾਰ ਵਿੱਚ ਚੀਨੀ 65 ਰੁਪਏ ਤੱਕ ਵਿਕ ਰਹੀ ਹੈ। ਖਾਣ ਪੀਣ ਦੀਆਂ ਵਸਤਾਂ ਦੀ ਥੋਕ ਮਹਿੰਗਾਈ 8.75 ਫੀਸਦੀ ਹੋ ਗਈ।ਮਾਹਿਰਾਂ ਮੁਤਾਬਿਕ ਖਾਣ ਪੀਣ ਵਾਲੀਆਂ ਵਸਤੂਆਂ ਮਹਿੰਗੀਆਂ ਹੋਣ ਨਾਲ ਕੁਪੋਸ਼ਣ ਦਾ ਖਤਰਾ ਹੋਰ ਵਧੇਗਾ।ਚਾਹੇ ਕੇਂਦਰ ਵਲੋਂ ਵਾਰ-ਵਾਰ ਹਿੱਕ ਠੋਕ ਕੇ ਕਿਹਾ ਜਾ ਰਿਹਾ ਹੈ ਕਿ ਅਰਥਚਾਰਾ ਵਧੀਆ ਲੀਹ ਤੇ ਹੈ,ਪਰ ਹਕੀਕੀ ਤਾਂ ਇਹ ਹੈ ਕਿ ਜ਼ਮੀਨੀ ਪੱਧਰ ਤੇ ਲੋਕ ਮਹਿੰਗਾਈ ਨਾਲ ਜੂਝ ਰਹੇ ਹਨ। ਪੈਟਰੋਲ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਕੁਝ ਦਿਨਾਂ ਬਾਅਦ ਦੀਵਾਲੀ ਦਾ ਤਿਉਹਾਰ ਹੈ।ਭਾਰਤ ਵਰਗੇ ਮੁਲਕ ਵਿੱਚ ਬਹੁਗਿਣਤੀ ਲੋਕ ਜੀਵਨ ਦੀਆਂ ਮੁੱਢਲੀਆਂ ਲੋੜਾਂ ਪ੍ਰਾਪਤ ਕਰਨ ਤੋਂ ਅਜੇ ਵੀ ਅਸਮਰੱਥ ਹਨ। ਵਸਤੂਆਂ ਦੀ ਬਲੈਕ ਤੇ ਭ੍ਰਿਸ਼ਟਾਚਾਰ ਵੀ ਮਹਿੰਗਾਈ ਵਧਣ ਦਾ ਇਕ ਬਹੁਤ ਵੱਡਾ ਕਾਰਨ ਹੈ। ਮਹਿੰਗਾਈ ਨੂੰ ਕੰਟਰੋਲ ਕਰਨ ਲਈ ਸੂਬਾ ਸਰਕਾਰ ਤੇ ਕੇਂਦਰ ਸਰਕਾਰਾਂ ਨੂੰ ਠੋਸ ਨੀਤੀ ਉਲੀਕਣੀ ਚਾਹੀਦੀ ਹੈ। ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਰੋਕਣ ਲਈ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਮਹਿੰਗਾਈ ਉੱਤੇ ਕਾਬੂ ਕਰਨ ਲਈ ਮੰਗ ਅਤੇ ਸਪਲਾਈ ਵਿਚਕਾਰ ਸੰਤੁਲਨ ਬਣਾਈ ਰੱਖਿਆ ਜਾਣਾ ਚਾਹੀਦਾ ਹੈ। ਆਰਥਿਕ ਵਿਕਾਸ ਉਹ ਹੈ ਜਿਸ ਦਾ ਲਾਭ ਆਮ ਨਾਗਰਿਕ ਤੱਕ ਪਹੁੰਚੇ। ਕੇਂਦਰ ਦੇ ਵਜ਼ੀਰ ਕਹਿੰਦੇ ਹਨ ਕਿ ਦੇਸ਼ ਦੀ ਅਰਥ ਵਿਵਸਥਾ ਤਰੱਕੀ ਕਰ ਰਹੀ ਹੈ, ਪਰ ਆਮ ਪਰਵਾਰ ਲਈ ਦੋ ਵੇਲੇ ਦੀ ਰੋਟੀ ,ਬੱਚਿਆਂ ਦੀ ਪੜ੍ਹਾਈ, ਪਰਵਾਰ ਦਾ ਖਰਚਾ ਚੁੱਕਣਾ ਮੁਸ਼ਕਿਲ ਹੈ,ਤਾਂ ਅਜਿਹੇ ਵਿਕਾਸ ਦੀ ਸਾਰਥਿਕਤਾ ਉੱਤੇ ਸਵਾਲ ਉਠਣੇ ਸੁਭਾਵਿਕ ਹੈ। ਮਹਿੰਗਾਈ ਉੱਤੇ ਕਾਬੂ ਰੱਖਣਾ ਸਰਕਾਰ ਦੀ ਸਮਾਜਿਕ ਜ਼ਿੰਮੇਵਾਰੀ ਹੈ।

**-ਸੰਜੀਵ ਸਿੰਘ ਸੈਣੀ, ਮੋਹਾਲੀ, ਸਟੇਟ ਐਵਾਰਡੀ,78889-66168**

# ਪੰਜਾਬ ਦਾ ਕਿਸਾਨ ਕਿੱਧਰ ਜਾਵੇ?



ਗੁਰਪ੍ਰੀਤ ਲਾਹੌਰੀ

ਭਾਵੇਂ ਦੇਸ਼ ਆਜ਼ਾਦ ਹੋਇਆਂ ਨੂੰ ਅੱਠ ਦਹਾਕੇ ਦਾ ਸਮਾਂ ਹੋ ਚੱਲਿਆ, ਪਰ ਇਹਨਾਂ ਅੱਠ ਦਹਾਕਿਆਂ ਵਿੱਚ ਪੰਜਾਬ ਦੀ ਕਿਸਾਨੀ ਉੱਤੇ ਕਈ ਤਰ੍ਹਾਂ ਦੀਆਂ ਹਨੇਰੀਆਂ ਝੁੱਲੀਆਂ ਨੇ। ਇਹ ਮੰਨ ਲਓ ਕਿ ਪੰਜਾਬ ਦੀ ਕਿਸਾਨੀ ਉੱਤੇ ਸਮੇਂ-ਸਮੇਂ ਉੱਪਰ ਜਿਹੜੇ ਸੰਕਟ ਦੇ ਬੱਦਲ ਆਏ ਨੇ, ਉਸ ਦਾ ਕੋਈ ਹੋਰ ਜ਼ਿੰਮੇਵਾਰ ਨਹੀਂ, ਬਲਕਿ ਸਮੇਂ ਦੀਆਂ ਸਰਕਾਰਾਂ ਅਤੇ ਸਮੇਂ ਦਾ ਪ੍ਰਸ਼ਾਸਨ ਹੀ ਰਿਹਾ ਹੈ। ਬੇਸ਼ੱਕ ਦਾਅਵੇ ਅਤੇ ਵਾਅਦੇ ਕਿਸਾਨਾਂ ਦੇ ਨਾਲ ਅਨੇਕਾਂ ਕੀਤੇ ਜਾਂਦੇ ਰਹੇ ਨੇ, ਪਰ ਉਨ੍ਹਾਂ ਨੂੰ ਜ਼ਮੀਨਾਂ ਉੱਤੇ ਲਾਗੂ ਕਰਨ ਲਈ ਕਿਸਾਨਾਂ ਕੋਲੋਂ ਪਹਿਲਾਂ ਤਾਂ ਜ਼ਮੀਨਾਂ ਖੋਹੀਆਂ ਗਈਆਂ ਅਤੇ ਉਸ ਤੋਂ ਬਾਅਦ ਕਿਸਾਨਾਂ ਉਪਰ ਅਜਿਹਾ ਦਬਾਅ ਬਣਾ ਦਿੱਤਾ ਗਿਆ ਕਿ ਉਹ ਅੱਜ ਖੇਤੀ ਛੱਡਣ ਲਈ ਵੀ ਮਜਬੂਰ ਹਨ।

ਵੈਸੇ, ਇੱਕ ਪਾਸੇ ਅਸੀਂ ਵਿਸ਼ਵ ਗੁਰੂ ਬਣਨ ਦੇ ਸੁਪਨੇ ਦੇਖ ਰਹੇ ਹਾਂ, ਉੱਥੇ ਦੂਜੇ ਪਾਸੇ ਕਿਸਾਨੀ ਅਜਿਹੇ ਦੌਰ ਵਿੱਚ ਲੰਘ ਰਹੀ ਹੈ, ਜਿੱਥੇ ਮੰਡੀਆਂ ਦੇ ਵਿੱਚ ਵੀ ਕਿਸਾਨਾਂ ਦੀ ਫ਼ਸਲ ਸੁਰੱਖਿਅਤ ਨਹੀਂ। ਖੇਤਾਂ ਦੇ ਵਿੱਚ ਕੁਦਰਤ ਦੀ ਮਾਰ ਹੈ ਅਤੇ ਘਰਾਂ ਉਪਰ ਸਰਕਾਰੀ ਪਹਿਰਾ ਹੈ। ਇਹ ਮੰਨ ਲਓ ਕਿ ਹਰ ਪਾਸੇ ਸੰਕਟ ਹੀ ਸੰਕਟ ਹੈ। ਵਿਸ਼ਵ ਗੁਰੂ ਦੇ ਸੁਪਨੇ ਵਿਖਾਉਣ ਵਾਲੇ ਹਾਕਮ ਵੀ ਅੱਜ ਭਾਵੇਂ ਹੀ ਕਿਸਾਨਾਂ ਦਾ ਉਗਾਇਆ ਅੰਨ ਹੀ ਖਾਂਦੇ ਨੇ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਉਨ੍ਹਾਂ ਦਾ ਕਾਰ ਵਿਹਾਰ ਹਮੇਸ਼ਾ ਕਿਸਾਨ ਵਿਰੋਧੀ ਰਿਹਾ। ਪੰਜਾਬ ਦੀ ਸੱਤਾ 'ਤੇ ਕਾਬਜ਼ ਹੁਕਮਰਾਨ ਵੀ ਕਿਸਾਨਾਂ ਦੇ ਹਮਾਇਤੀ ਅਖਵਾਉਣ ਵਿੱਚ ਵੀ ਪਿੱਛੇ ਨਹੀਂ ਹਟ ਰਹੇ, ਪਰ ਅਸਲੀਅਤ ਸਭ ਦੇ ਸਾਹਮਣੇ ਹੈ।

ਪੰਜਾਬ ਵਿੱਚ ਦੋ ਦਿਨ ਪਏ ਮੀਂਹ ਨੇ ਜਿੱਥੇ ਠੰਢ ਵਧਾਈ ਹੈ, ਪਰ ਇਸ ਮੀਂਹ ਨੇ ਕਿਸਾਨਾਂ ਦੀਆਂ ਖੇਤਾਂ 'ਚ ਖੜੀਆਂ ਫ਼ਸਲਾਂ ਤਾਂ ਤਬਾਹ ਕੀਤੀਆਂ ਹੀ, ਨਾਲ ਹੀ ਮੰਡੀਆਂ ਦੇ ਵਿੱਚ ਜਿਹੜੇ ਕਿਸਾਨ ਆਪਣਾ ਝੋਨਾ ਵੱਢ ਕੇ ਲੈ ਕੇ ਗਏ ਸਨ, ਉਸ ਝੋਨੇ ਦੀ ਵੀ ਬੇਕਦਰੀ ਹੋਈ ਹੈ। ਪੰਜਾਬ ਦੀਆਂ ਬਹੁ-ਗਿਣਤੀ ਮੰਡੀਆਂ ਤੋਂ ਅਜਿਹੀਆਂ ਹੀ ਸੂਚਨਾਵਾਂ ਮਿਲੀਆਂ ਕਿ, ਉੱਥੇ ਪੂਰੇ ਪ੍ਰਬੰਧ ਹੀ ਨਹੀਂ ਸਨ। ਸਰਕਾਰ ਅਤੇ ਮੰਤਰੀ ਭਾਵੇਂ ਲੱਖਾਂ ਦਾਅਵੇ ਕਰਦੇ ਰਹਿਣ ਕਿ ਅਸੀਂ ਪਿਛਲੇ ਚਾਰ ਸਾਲਾਂ ਵਿੱਚ ਚੋਖਾ ਸੁਧਾਰ ਕੀਤਾ ਹੈ ਅਤੇ ਹੁਣ ਆ ਰਹੀ ਸਮੱਸਿਆ ਦਾ ਕਾਰਨ ਤਤਕਾਲੀ ਸਰਕਾਰਾਂ ਹੀ ਹਨ, ਪਰ ਜੇਕਰ ਅਸਲੀਅਤ @ਤੇ ਝਾਤ ਮਾਰੀਏ ਤਾਂ ਚਾਰ ਸਾਲ ਕੋਈ ਥੋੜ੍ਹੇ ਨਹੀਂ ਹੁੰਦੇ। ਜੇਕਰ ਮੌਜੂਦਾ ਹਾਕਮਾਂ ਦੇ ਚਾਰ ਸਾਲ ਮਿਲਾ ਕੇ ਪਿਛਲੇ 8 ਦਹਾਕੇ ਮਿਲਾਈਏ ਤਾਂ, ਸਵਾਲ ਇਹੋ ਉਠਦਾ ਹੈ ਕਿ ਜਿਸ ਮੁਲਕ ਦੇ ਕਿਸਾਨਾਂ ਨੂੰ ਆਜ਼ਾਦੀ ਦੇ 80 ਸਾਲਾਂ ਬਾਅਦ ਵੀ ਮੰਡੀਆਂ ਵਿੱਚ ਉਨ੍ਹਾਂ ਦੀ ਫ਼ਸਲ ਨੂੰ ਰੱਖਣ ਲਈ ਸੁਰੱਖਿਅਤ ਥਾਂ ਨਹੀਂ ਦਿੱਤੀ ਜਾ ਰਹੀ ਤਾਂ, ਕਿਵੇਂ ਮੰਨ ਲਿਆ ਜਾਵੇ ਕਿਸਾਨੀ ਸੁਰੱਖਿਅਤ ਹੈ?

ਕਰਜ਼ੇ ਦੀ ਮਾਰ ਹੇਠ ਦੱਬੇ ਕਿਸਾਨ ਜਿੱਥੇ ਪਹਿਲਾਂ ਹੀ ਕਈ ਸਮੱਸਿਆਵਾਂ ਦੇ ਨਾਲ ਜੂਝ ਰਹੇ ਨੇ, ਉਥੇ ਹੀ ਜੇਕਰ ਉਹ ਖੇਤਾਂ ਵਿੱਚੋਂ ਆਪਣੀ ਫ਼ਸਲ ਵੱਢ ਕੇ ਸੁਰੱਖਿਅਤ ਥਾਂ, ਯਾਨੀ ਕਿ ਮੰਡੀ ਦੇ ਵਿੱਚ ਲਿਆ ਕੇ ਵੇਚਣਾ ਚਾਹੁੰਦੇ ਨੇ ਤਾਂ, ਉੱਥੇ ਵੀ ਉਨ੍ਹਾਂ ਦੀ ਫ਼ਸਲ ਦਾ ਕਦਰ ਨਹੀਂ ਪੈ ਰਹੀ, ਕਿਉਂਕਿ ਉੱਥੇ ਪ੍ਰਬੰਧ ਤਾਂ ਨਹੀਂ ਹਨ, ਨਾਲ ਹੀ ਮੰਡੀਆਂ ਦੇ ਵਿੱਚ ਲੱਕ-ਲੱਕ ਜਿੱਡਾ ਪਾਣੀ ਖੜਾ ਹੋਣ ਦੇ ਕਾਰਨ ਕਿਸਾਨ ਰੋ-ਕੁਰਲਾ ਰਹੇ ਨੇ। ਸਭ ਤੋਂ ਵੱਧ ਅਤੇ ਦੁਖਦਾਈ ਵੀਡੀਓ ਸਰਹੱਦੀ ਜ਼ਿਲ੍ਹੇ ਫ਼ਾਜ਼ਿਲਕਾ ਤੋਂ ਸਾਹਮਣੇ ਆਈ, ਜਿੱਥੇ ਲੱਕ-ਲੱਕ ਜਿੱਡਾ ਪਾਣੀ ਮੰਡੀਆਂ ਵਿੱਚ ਖੜਾ ਵਿਖਾਈ ਦਿੱਤਾ, ਕਿਸਾਨ ਮੰਡੀਆਂ ਦੇ ਵਿੱਚ ਡੁੱਬੀ ਆਪਣੀ ਸੁੱਕੀ ਝੋਨੇ ਦੀ ਫ਼ਸਲ ਵਿਖਾਉਂਦੇ ਨਜ਼ਰ ਆਏ।

ਦੱਸਦੇ ਚੱਲੀਏ ਕਿ-ਮੌਸਮ ਦੀ ਮਾਰ ਵੀ ਅਮੀਰ-ਗ਼ਰੀਬ ਵੇਖ ਕੇ ਹੀ ਪੈਂਦੀ ਹੈ। ਜਦੋਂ ਵੀ ਕੋਈ ਸੰਕਟ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਛੋਟੇ ਲੋਕ ਹੀ ਮਰਦੇ ਨੇ। ਬੇਸ਼ੱਕ ਸਰਕਾਰਾਂ ਸਮੇਂ-ਸਮੇਂ @ਤੇ ਛੋਟੇ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਲਾਭ ਦੇਣ ਲਈ ਨਵੀਆਂ-ਨਵੀਆਂ ਸਕੀਮਾਂ ਚਲਾਉਣ ਦੀਆਂ ਗੱਲਾਂ ਕਰਦੀਆਂ ਨੇ, ਪਰ ਅਸਲੀਅਤ ਸਭ ਦੇ ਸਾਹਮਣੇ ਹੈ। ਸਕੀਮਾਂ ਦਾ ਲਾਭ ਵੱਡਿਆਂ ਅਤੇ ਧਨਾਢ ਲੋਕਾਂ ਨੂੰ ਮਿਲਦਾ ਹੈ, ਛੋਟਾ ਕਿਸਾਨ ਹਮੇਸ਼ਾ ਹੀ ਰਗੜਿਆ ਜਾਂਦਾ ਰਿਹਾ ਹੈ।

ਜਿਹੜੀਆਂ ਸਰਕਾਰਾਂ ਅੱਠਵੇਂ ਵਿੱਚ ਕਿਸਾਨਾਂ ਨੂੰ ਸੁਰੱਖਿਅਤ ਮੰਡੀਆਂ ਨਹੀਂ ਦੇ ਸਕੀਆਂ, ਉਨ੍ਹਾਂ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ? ਕੀ ਉਹ ਸਾਨੂੰ ਚੰਗੇ ਬੀਜ ਦੇਣਗੀਆਂ? ਕੀ ਉਹ ਕਿਸਾਨਾਂ ਦੀਆਂ ਫ਼ਸਲਾਂ ਦੀ ਸੁਰੱਖਿਆ ਕਰ ਸਕਣਗੀਆਂ? ਪੰਜਾਬ ਦੀ ਮਿੱਟੀ-ਪਾਣੀ ਵਿੱਚ ਤਾਂ ਪਹਿਲਾਂ ਹੀ ਜ਼ਹਿਰ ਮਿਲ ਚੁੱਕਿਆ ਹੈ, ਜਿਸ ਦਾ ਦੋਸ਼ ਹਮੇਸ਼ਾ ਹੀ ਇੱਕ ਮੀਡੀਆ ਦੇ ਇੱਕ ਹਿੱਸੇ ਤੋਂ ਇਲਾਵਾ ਅਖੌਤੀ ਧਿਰਾਂ ਵੱਲੋਂ ਕਿਸਾਨਾਂ ·:ਤੇ ਮੜ੍ਹਿਆ ਜਾਂਦਾ ਹੈ, ਪਰ ਕਦੇ ਵੀ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਕਿ ਕਿਸਾਨਾਂ ਨੂੰ ਇਹ ਸਭ ਕੁੱਝ (ਪੈਸਟੀਸਾਈਡ ਦਵਾਈਆਂ, ਗ਼ਲਤ ਬੀਜ ਆਦਿ) ਵੇਚ ਕੌਣ ਰਿਹਾ ਹੈ? ਅਸਲ ਦੇ ਵਿੱਚ ਸਰਕਾਰ ਦੀਆਂ ਕੰਪਨੀਆਂ, ਇਸ ਤੋਂ ਇਲਾਵਾ ਸਰਕਾਰ ਨੇ ਜਿਨ੍ਹਾਂ ਨੂੰ ਲਾਇਸੈਂਸ ਦਿੱਤੇ ਨੇ, ਉਹ ਕੰਪਨੀਆਂ ਹੀ ਕਿਸਾਨਾਂ ਨੂੰ ਇਹ ਪੈਸਟੀਸਾਈਡ ਵੇਚ ਰਹੀਆਂ ਨੇ, ਕਿਸਾਨ ਨੂੰ ਕੋਈ ਸ਼ੌਂਕ ਨਹੀਂ ਪਿਆ ਕਿ ਉਹ ਇਹੋ ਜਿਹੀਆਂ ਪੈਸਟੀਸਾਈਡ ਪਾ ਕੇ ਫ਼ਸਲਾਂ ਉਗਾਵੇ, ਕਿਸਾਨ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਵੱਧ ਤੋਂ ਵੱਧ ਫ਼ਸਲ ਦਾ ਝਾੜ ਪੈਦਾ ਕਰੇ।

ਜਦੋਂ ਕਿਸਾਨ ਛੇ ਮਹੀਨਿਆਂ ਦੀ ਮਿਹਨਤ ਕਰਕੇ ਆਪਣੀ ਫ਼ਸਲ ਨੂੰ ਪਾਲ-ਪੋਸ ਕੇ ਵੱਡਾ ਕਰਨ ਤੋਂ ਇਲਾਵਾ ਵੱਢ ਕੇ ਮੰਡੀ ਵਿੱਚ ਲੈ ਕੇ ਆਉਂਦਾ ਹੈ ਤਾਂ ਉੱਥੇ ਉਸ ਦੀ ਫ਼ਸਲ ਦੀ ਕਦਰ ਨਹੀਂ ਪੈਂਦੀ। ਪੰਜਾਬ ਵਿੱਚ ਦੋ ਫ਼ਸਲਾਂ ਹੀ ਹਨ, ਜਿਹਨਾਂ 'ਤੇ ਕਿਸਾਨਾਂ ਨੂੰ ਐੱਮ.ਐੱਸ.ਪੀ ਮਿਲਦੀ ਹੈ, ਪਰ ਉਹ ਫ਼ਸਲਾਂ ਵੀ ਅੱਜ ਡੂੰਘੇ ਸੰਕਟ ਵਿੱਚ ਘਿਰ ਚੁੱਕੀਆਂ ਹਨ। ਪੰਜਾਬ ਦਾ ਆਮ ਇਨਸਾਨ ਕਣਕ-ਝੋਨੇ ਤੋਂ ਇਲਾਵਾ ਬੇਸ਼ੱਕ ਵਿਦੇਸ਼ੀ ਫੂਡ ਖਾਣਾ ਪਸੰਦ ਕਰਦਾ ਹੋਵੇਗਾ, ਪਰ ਕਣਕ ਝੋਨੇ ਤੋਂ ਬਿਨਾਂ ਸਰਦਾ ਉਨ੍ਹਾਂ ਦਾ ਵੀ ਨਹੀਂ। ਜਿੰਨਾ ਫ਼ਸਲਾਂ ਉੱਪਰ ਕਿਸਾਨਾਂ ਨੂੰ ਐੱਮ.ਐੱਸ.ਪੀ ਮਿਲਦੀ ਹੈ ਜੇਕਰ ਉਹ ਹੀ ਫ਼ਸਲਾਂ ਬਰਬਾਦ ਹੋ ਜਾਣ ਸਰਕਾਰਾਂ ਦੀਆਂ ਨੀਤੀਆਂ ਦੇ ਕਾਰਨ, ਤਾਂ ਸਮਝ ਲਿਆ ਜਾਵੇ ਕਿ ਕਿਸਾਨੀ ਸੰਕਟ ਤੋਂ ਵੀ ਗਹਿਰੇ ਸੰਕਟ ਵਿੱਚ ਜਾ ਡੁੱਬੀ ਹੈ।

ਬੇਸ਼ੱਕ ਕੇਂਦਰ 20 ਤੋਂ ਵੱਧ ਫ਼ਸਲਾਂ ਉੱਪਰ ਐੱਮ.ਐੱਸ.ਪੀ ਦੇਣ ਦੀ ਗੱਲ ਕਰਦੀ ਹੈ, ਪਰ ਅਸਲੀਅਤ ਤਾਂ ਸਭ ਦੇ ਸਾਹਮਣੇ ਹੈ। ਅਖ਼ਬਾਰੀ ਗੱਲਾਂ ਵਿੱਚ ਤਾਂ ਕਿਸਾਨਾਂ ਨੂੰ ਅਮੀਰ ਅਤੇ ਹੋਰ ਪਤਾ ਨਹੀਂ ਕੀ ਕੁਝ ਬਣਾ ਦਿੱਤਾ ਜਾਂਦਾ ਹੈ, ਪਰ ਜਦੋਂ ਜ਼ਮੀਨ ਉੱਪਰ ਕਿਸਾਨ ਦੀ ਹਾਲਤ ਜਾਣੀ ਜਾਂਦੀ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਕਿਸਾਨੀ ਕਿਸ ਮੋੜ 'ਤੇ ਆਣ ਕੇ ਖੜੀ ਹੈ?

ਕੇਂਦਰ ਅਤੇ ਸੂਬਾ ਸਰਕਾਰਾਂ ਨੇ ਪੰਜਾਬੀਆਂ ਨੂੰ ਸਿਵਾਏ ਲਾਰੇਬਾਜ਼ੀ ਅਤੇ ਬਿਆਨਬਾਜ਼ੀ ਤੋਂ ਇਲਾਵਾ ਕੁਝ ਨਹੀਂ ਦਿੱਤਾ। ਜਿੱਥੇ ਪਿਛਲੇ ਸਾਲ ਆਏ ਹੜ੍ਹਾਂ ਨੇ ਫ਼ਸਲਾਂ ਦਾ ਵੱਡੇ ਪੱਧਰ ਉੱਤੇ ਨੁਕਸਾਨ ਕੀਤਾ, ਉੱਥੇ ਹੀ ਇਸ ਵਾਰ ਜਦੋਂ ਕਿਸਾਨ ਆਪਣੀਆਂ ਫ਼ਸਲਾਂ ਵੱਢ ਕੇ ਸੁਰੱਖਿਅਤ ਮੰਡੀਆਂ ਵਿੱਚ ਲੈ ਕੇ ਗਏ ਤਾਂ, ਉਥੇ ਵੀ ਕੁਦਰਤ ਨੇ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ ਅਤੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਪੂਰੇ ਤਰੀਕੇ ਦੇ ਨਾਲ ਬਰਬਾਦ ਕਰਕੇ ਰੱਖ ਦਿੱਤਾ। ਇਸ ਵਿੱਚ ਵੈਸੇ ਵੇਖਿਆ ਜਾਵੇ ਤਾਂ ਕੁਦਰਤ ਦਾ ਕੋਈ ਦੋਸ਼ ਨਹੀਂ, ਸਿੱਧੇ ਹੀ ਸ਼ਬਦਾਂ ਵਿੱਚ ਕਹੀਏ ਤਾਂ ਦੋਸ਼ ਹਾਕਮ ਧਿਰਾਂ ਦਾ ਹੈ।

ਖ਼ੈਰ, ਕਹਿਣ ਨੂੰ ਬਥੇਰਾ ਕੁੱਝ ਹੈ, ਪਰ ਸਵਾਲ ਇੱਥੇ ਸਪਸ਼ਟ ਹਨ ਕਿ ਕੀ ਸਰਕਾਰਾਂ ਅੱਠ ਦਹਾਕਿਆਂ ਬਾਅਦ ਵੀ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਸੁਰੱਖਿਆ ਪ੍ਰਬੰਧ ਅਤੇ ਉਨ੍ਹਾਂ ਦੀ ਫ਼ਸਲ ਨੂੰ ਸਹੀ ਤਰੀਕੇ ਦੇ ਨਾਲ ਖ਼ਰੀਦਣ ਵਾਸਤੇ ਤਿਆਰ ਹੋਣਗੀਆਂ? ਅਖ਼ਬਾਰੀ ਦਾਅਵਿਆਂ ਅਤੇ ਸਰਕਾਰੀ ਬਿਆਨਾਂ ਤੋਂ ਬਾਹਰ ਨਿਕਲ ਕੇ ਹਾਕਮਾਂ ਨੂੰ ਵੇਖਣਾ ਪਵੇਗਾ ਕਿ ਕਿਸਾਨਾਂ ਨੂੰ ਸਮੱਸਿਆ ਆ ਕਿੱਥੇ ਰਹੀ ਹੈ? ਕਿਸਾਨ ਧਰਨੇ ਲਾ ਰਹੇ ਨੇ, ਹਾਈਵੇ ਜਾਮ ਕਰ ਰਹੇ ਨੇ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ, ਉਨ੍ਹਾਂ ਉੱਪਰ ਲਾਠੀ ਡੰਡੇ ਬਰਸਾਏ ਜਾ ਰਹੇ ਨੇ। ਜੇਕਰ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਦੀ ਬਜਾਏ, ਉਨ੍ਹਾਂ ਉਪਰ ਲਾਠੀ-ਡੰਡੇ ਬਰਸਾਏ ਜਾਣਗੇ ਤਾਂ ਸਾਫ਼ ਅਤੇ ਸਪੱਸ਼ਟ ਸ਼ਬਦਾਂ ਵਿੱਚ ਹਾਕਮਾਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਇੱਥੇ ਕੋਈ ਵੀ ਪੱਕਾ ਕੁਰਸੀ ਦੇ ਨਾਲ ਨਹੀਂ ਬੱਝਿਆ।

ਇਸ ਵੇਲੇ ਸਭ ਤੋਂ ਵੱਧ ਲੋੜ ਹੈ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ ਅਤੇ ਮੰਡੀਆਂ ਦੇ ਵਿੱਚ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਸਰਕਾਰ ਨੂੰ ਕਰਨੀ ਚਾਹੀਦੀ ਹੈ। ਕਿਉਂਕਿ ਸਰਕਾਰੀ ਨੀਤੀਆਂ ਦੇ ਕਾਰਨ ਹੀ ਅਜਿਹਾ ਸਭ ਕੁੱਝ ਹੋਇਆ ਹੈ, ਕਿਸਾਨਾਂ ਦੀਆਂ ਮੰਡੀਆਂ 'ਚ ਬਰਬਾਦ ਹੋਈਆਂ ਫ਼ਸਲਾਂ ਦੀ ਭਰਪਾਈ ਸਰਕਾਰ ਜੇਕਰ ਆਪਣੀ ਜੇਬ ਵਿੱਚੋਂ ਨਹੀਂ ਕਰਨਾ ਚਾਹੁੰਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਜ਼ਿੰਮੇਵਾਰ ਅਧਿਕਾਰੀਆਂ ਨੇ, ਉਨ੍ਹਾਂ ਦੀਆਂ ਤਨਖ਼ਾਹਾਂ ਕੱਟ ਕੇ ਕਿਸਾਨਾਂ ਦੇ ਨੁਕਸਾਨ ਦਾ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

ਸਿਆਸੀ ਪਾਰਟੀਆਂ ਸਿਰਫ਼ ਤੇ ਸਿਰਫ਼ ਇੱਕ-ਦੂਜੇ ਨੂੰ ਕੋਸਣ ਤੋਂ ਇਲਾਵਾ ਇਸ ਵੇਲੇ ਕੁੱਝ ਨਹੀਂ ਕਰਨਗੀਆਂ ਅਤੇ ਇੱਕ ਦੂਜੇ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਵਿੱਚ ਪਿੱਛੇ ਨਹੀਂ ਹਟਣਗੀਆਂ, ਜਦੋਂ ਕਿ ਇਸ ਸਭ ਦੇ ਵਿੱਚ ਫਾਹੇ ਤਾਂ ਕਿਸਾਨ ਹੀ ਲੱਗੇਗਾ, ਕਿਉਂਕਿ ਉਹਦੇ ਸਿਰ ਲੱਖਾਂ ਦਾ ਕਰਜ਼ਾ ਹੈ, ਫ਼ਸਲ ਵੇਚ ਕੇ ਹੀ ਉਹਨੇ ਕਰਜ਼ਾ ਉਤਾਰਨਾ ਹੈ, ਪਰ ਜੇਕਰ ਉਹਦੀ ਫ਼ਸਲ ਹੀ ਬਰਬਾਦ ਹੋ ਗਈ ਤਾਂ ਉਹ ਆਪਣਾ ਕਰਜ਼ਾ ਉਤਾਰੇਗਾ ਕਿਵੇਂ? ਫ਼ਸਲਾਂ ਵੱਢ ਕੇ ਮੰਡੀਆਂ ਵਿੱਚ ਲਿਆਉਣ ਵਾਲੇ ਕਿਸਾਨ ਜੇਕਰ ਮੰਡੀਆਂ ਦੇ ਵਿੱਚ ਹੀ ਆਪਣੀ ਫ਼ਸਲ ਦੀ ਸੁਰੱਖਿਆ ਦੀ ਉਡੀਕ ਵਿੱਚ ਹਨ ਅਤੇ ਮੰਡੀਆਂ ਦੇ ਵਿੱਚ ਹੀ ਸਰਕਾਰਾਂ ਉਨ੍ਹਾਂ ਦੀਆਂ ਫ਼ਸਲਾਂ ਨਹੀਂ ਖ਼ਰੀਦ ਸਕਦੀਆਂ ਤਾਂ, ਫਿਰ ਕੀ ਸਮਝਿਆ ਜਾਵੇ ਕਿ ਭਾਰਤ ਸੱਚਮੁਚ ਵਿਸ਼ਵ ਗੁਰੂ ਵੱਲ ਵਧ ਰਿਹਾ ਹੈ?

**# ਸੰਪਰਕ : 95698-20314**

# ਕਿਤਾਬਾਂ ਤੋਂ ਮਹਿੰਗੇ ਤਾਵੀਜ਼



ਜਗਜੀਤ ਸਿੰਘ

ਧਰਮ ਇੱਕ ਬਹੁਤ ਹੀ ਚਲਾਕੀ ਭਰਿਆ ਕਾਰੋਬਾਰ ਬਣ ਚੁੱਕਾ ਹੈ—ਉਹ ਇੱਕ ਅਦਿੱਖ ਉਤਪਾਦ ਵੇਚਦੇ ਹਨ। ਜੇਕਰ ਉਹ ਕੰਮ ਨਹੀਂ ਕਰਦਾ, ਤਾਂ ਉਸ ਦਾ ਦੋਸ਼ ਬੜੀ ਬੇਸ਼ਰਮੀ ਨਾਲ ਖਪਤਕਾਰ 'ਤੇ ਮੜ੍ਹ ਦਿੱਤਾ ਜਾਂਦਾ ਹੈ। ਜੇਕਰ ਕਿਸੇ ਰੱਬ ਨੂੰ ਆਪਣੇ ਹੀ ਬਣਾਏ ਲੋਕਾਂ ਨਾਲ ਸੰਪਰਕ ਕਰਨ ਲਈ ਕਿਸੇ ਕਿਤਾਬ ਜਾਂ ਮੂਰਤੀ ਦੀ ਲੋੜ ਪੈਂਦੀ ਹੈ, ਤਾਂ ਕੀ ਉਹ ਸੱਚਮੁੱਚ ਏਨਾ ਸ਼ਕਤੀਸ਼ਾਲੀ ਹੈ? ਅਸਲ ਗੱਲ ਇਹ ਹੈ ਕਿ ਤੁਹਾਡਾ ਉਹ ਰੱਬ, ਜਿਸ ਨੂੰ ਤੁਹਾਡੇ ਵੱਲੋਂ ਪਰਿਭਾਸ਼ਿਤ ਕੀਤੇ ਜਾਣ ਅਤੇ ਉਸ ਦਾ ਪ੍ਰਚਾਰ ਕੀਤੇ ਜਾਣ ਦੀ ਲੋੜ ਹੈ, ਉਹ ਸਰਬ-ਸ਼ਕਤੀਮਾਨ ਹੋ ਹੀ ਨਹੀਂ ਸਕਦਾ।

ਧਰਮ ਇੱਕ ਅਜਿਹੇ ਅਨਘੋਸ਼ਿਤ ਵਪਾਰ ਦਾ ਨਾਂਅ ਹੈ, ਜੋ ਦੁਨੀਆ ਦੇ ਸਾਰੇ ਘੋਸ਼ਿਤ ਅਤੇ ਕਾਨੂੰਨੀ ਕਾਰੋਬਾਰਾਂ ਤੋਂ ਵੱਡਾ ਹੈ। ਸਾਰੇ ਸਨਅਤੀ ਅਦਾਰੇ ਅਤੇ ਘਰਾਣੇ ਇਸ ਦੇ ਕੰਟਰੋਲ ਵਿੱਚ ਹਨ। ਇੱਕ ਪੂੰਜੀਪਤੀ ਵਿਵਸਥਾ ਵਿੱਚ ਇਹਨਾਂ ਸਨਅਤੀ ਘਰਾਣਿਆਂ ਦੀ ਪੂੰਜੀ ਦੀ ਮਾਰਫ਼ਤ ਧਰਮ ਰਾਜਨੀਤਕ ਕੰਟਰੋਲ ਹਾਸਿਲ ਕਰਦਾ ਹੈ। ਦੁੱਖ ਤਾਂ ਉਦੋਂ ਹੁੰਦਾ ਹੈ, ਜਦੋਂ ਰਾਜ-ਭਾਗ ਅਤੇ ਸੁੱਖ ਸਿਰਫ਼ ਧਰਮ, ਸਨਅਤ ਅਤੇ ਰਾਜਨੀਤੀ ਦੇ ਸਿਖਰ 'ਤੇ ਬੈਠੇ ਲੋਕਾਂ ਦੇ ਹਿੱਸੇ ਆਉਂਦੇ ਹਨ ਅਤੇ ਤਿਆਗ ਦਾ ਬੋਝ ਹਮੇਸ਼ਾ ਆਮ ਜਨਤਾ ਦੇ ਹਿੱਸੇ ਸੁੱਟ ਦਿੱਤਾ ਜਾਂਦਾ ਹੈ ਤੇ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਤੱਥ; ਧਰਮ ਦੇ ਧੰਦੇ ਵਿਚ ਕਦੇ ਮੰਦੀ ਨਹੀਂ ਆਉਂਦੀ, ਤੁਸੀਂ ਕਿਸੇ ਵੀ ਧਰਮ ਨਾਲ ਸੰਬੰਧਤ ਹੋ, ਜਦੋਂ ਤੁਸੀਂ ਇਬਾਦਤ ਵਿੱਚ ਝੁਕਦੇ ਹੋ ਤਾਂ ਤੁਸੀਂ ਨਹੀਂ, ਤੁਹਾਡੀ ਜ਼ਰੂਰਤ, ਮਜਬੂਰੀ ਜਾਂ ਇੱਛਾਵਾਂ ਝੁਕਦੀਆਂ ਹਨ। ਜੇਕਰ ਤੁਹਾਡੀਆਂ ਮਨੋ-ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਤੁਸੀਂ ਮੁਸੀਬਤਾਂ ਵਿੱਚੋਂ ਨਿਕਲ ਜਾਂਦੇ ਹੋ, ਤਾਂ ਤੁਹਾਡੇ ਤੋਂ ਇਹ ਸਵੀਕਾਰ ਕਰਵਾਇਆ ਜਾਂਦਾ ਹੈ ਕਿ ਭਗਵਾਨ/ਅੱਲਾਹ/ਵਾਹਿਗੁਰੂ/ਗੌਡ ਨੇ ਕਿਰਪਾ ਕੀਤੀ ਹੈ; ਜੇਕਰ ਨਹੀਂ ਪੂਰੀ ਹੁੰਦੀ, ਤਾਂ ਤੁਹਾਡਾ ਵਿਸ਼ਵਾਸ ਕਮਜ਼ੋਰ ਸੀ ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਦੁਨੀਆ ਦਾ ਕੋਈ ਪੀਰ-ਫ਼ਕੀਰ ਬਿਨਾਂ ਕਿਸੇ ਫਿਊਲ (ਪੈਟਰੋਲ, ਡੀਜ਼ਲ, ਬਿਜਲੀ, CNG, LPG, ਹਾਈਡ੍ਰੋਜਨ ਤੋਂ ਬਿਨਾਂ ਗੱਡੀ ਨਹੀਂ ਚਲਾ ਸਕਦਾ। ਜ਼ਰਾ ਸੋਚੋ, ਉਹਨਾਂ ਦੇ ਦਿੱਤੇ ਹੋਏ ਧਾਗੇ-ਤਵੀਤ ਤੁਹਾਡੀ ਜ਼ਿੰਦਗੀ ਦੀ ਗੱਡੀ ਕਿਵੇਂ ਚਲਾ ਸਕਦੇ ਹਨ? ਅੰਧ-ਵਿਸ਼ਵਾਸ ਵੀ ਇਹਨਾਂ ਅਖੌਤੀ ਧਰਮਾਂ ਦਾ ਉਪ-ਉਤਪਾਦ (By-product) ਹੈ। ਜੇ ਗੱਡੀ ਅੱਗੇ ਜੁੱਤੀ ਲਟਕਾਉਣ ਨਾਲ ਤੁਹਾਡੀ ਗੱਡੀ ਦੁਰਘਟਨਾ ਤੋਂ ਬਚ ਸਕਦੀ ਹੈ, ਤਾਂ ਤੁਹਾਡਾ ਜੀਵਨ ਗੱਡੀ ਤੋਂ ਬਹੁਤ ਕੀਮਤੀ ਹੈ—ਇੱਕ ਜੁੱਤਾ ਆਪਣੇ ਗਲੇ ਵਿੱਚ ਵੀ ਲਟਕਾ ਲਿਆ ਕਰੋ!

ਜੈਨ ਪਰੰਪਰਾ ਅਨੁਸਾਰ ਵਰਤਮਾਨ ਕਾਲ-ਚੱਕਰ ਦੇ 24 ਤੀਰਥੰਕਰਾਂ ਦਾ ਜਨਮ ਰਾਜਸੀ ਜਾਂ ਪ੍ਰਭਾਵਸ਼ਾਲੀ ਪਰਵਾਰਾਂ ਵਿੱਚ ਹੋਇਆ ਮੰਨਿਆ ਜਾਂਦਾ ਹੈ। ਕੀ ਗਰੀਬ ਦੇ ਘਰ ਗਿਆਨੀ ਪੈਦਾ ਨਹੀਂ ਹੁੰਦਾ? ਕੀ ਗਿਆਨ ਵੀ ਅਮੀਰੀ ਦੀ ਮਲਕੀਅਤ ਹੈ, ਪਰ ਸੱਚਾਈ ਇਹ ਵੀ ਹੈ ਕਿ ਤਿਆਗ ਉਦੋਂ ਤੱਕ ਦਿਖਾਈ ਨਹੀਂ ਦਿੰਦਾ, ਜਦੋਂ ਤੱਕ ਤਿਆਗਣ ਲਈ ਧਨ ਕੋਲ ਨਾ ਹੋਵੇ। ਜੇਕਰ ਇੱਕ ਗਰੀਬ ਘਰ-ਬਾਰ ਛੱਡ ਕੇ ਸੰਨਿਆਸੀ ਹੋਵੇਗਾ, ਤਾਂ ਦੁਨੀਆ ਹੱਸੇਗੀ ਕਿ ਤੇਰੇ ਕੋਲ ਤਿਆਗਣ ਲਈ ਸੀ ਹੀ ਕੀ, ਜੋ ਤੂੰ ਛੱਡ ਕੇ ਆਇਆ ਹੈਂ? ਜੇ ਬੁੱਧ ਦਾ ਰਾਹ ਬਰਾਬਰੀ ਅਤੇ ਗਿਆਨ ਦਾ ਰਾਹ ਸੀ, ਤਾਂ ਬੁੱਧ ਦੀਆਂ ਕਥਾਵਾਂ ਵਿੱਚ ਰਾਜਸੀ ਅਤੇ ਕੁਲੀਨ ਪਿਛੋਕੜਾਂ ਨੂੰ ਏਨੀ ਅਹਿਮੀਅਤ ਕਿਉਂ ਮਿਲਦੀ ਹੈ? ਕੀ ਗਿਆਨ ਦੀ ਰੌਸ਼ਨੀ ਗਰੀਬ ਦੀ ਝੌਂਪੜੀ ਵਿੱਚ ਨਹੀਂ ਜਗ ਸਕਦੀ? ਕੀ ਮਜ਼ਦੂਰ, ਦਲਿਤ ਜਾਂ ਲਤਾੜਿਆ ਹੋਇਆ ਮਨੁੱਖ ਬੁੱਧ ਬਣਨ ਦੇ ਯੋਗ ਨਹੀਂ? ਜੇ ਗਿਆਨ ਸਭ ਦਾ ਹੈ, ਤਾਂ ਬੁੱਧ ਬਣਨ ਦੀ ਕਲਪਨਾ ਵੀ ਕਿਸੇ ਖ਼ਾਸ ਸਮਾਜਿਕ ਰੁਤਬੇ ਦੀ ਮੁਥਾਜ਼ ਕਿਉਂ ਜਾਪਦੀ ਹੈ? ਜਿਸ ਸਮਾਜ ਵਿੱਚ ਗਿਆਨ ਨੂੰ ਸਲਾਮ ਕਰਨ ਤੋਂ ਪਹਿਲਾਂ ਜਨਮ ਅਤੇ ਰੁਤਬਾ ਪੁੱਛਿਆ ਜਾਵੇ, ਉੱਥੇ ਬਰਾਬਰੀ ਦਾ ਦਾਅਵਾ ਆਪਣੇ ਆਪ ਵਿੱਚ ਇੱਕ ਵੱਡਾ ਸਵਾਲ ਬਣ ਜਾਂਦਾ ਹੈ।ਹਿੰਦੂ ਧਰਮ ਦਾ ਦਾਅਵਾ ਹੈ ਕਿ ਜਦੋਂ ਵੀ ਧਰਤੀ 'ਤੇ ਅਧਰਮ ਵਧਦਾ ਹੈ, ਤਾਂ ਭਗਵਾਨ ਪਾਪੀਆਂ ਦਾ ਸੰਹਾਰ ਕਰਨ ਅਤੇ ਧਰਮ ਦੀ ਸਥਾਪਨਾ ਲਈ ਅਵਤਾਰ ਲੈਂਦੇ ਹਨ, ਪਰ ਸਵਾਲ ਇਹ ਉੱਠਦਾ ਹੈ ਕਿ ਜੇ ਭਗਵਾਨ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਹਨ, ਤਾਂ ਉਨ੍ਹਾਂ ਨੂੰ ਧਰਤੀ 'ਤੇ ਅਧਰਮ ਦਾ ਘੜਾ ਭਰਨ ਤੱਕ ਦੀ ਉਡੀਕ ਕਰਨ ਦੀ ਲੋੜ ਹੀ ਕਿਉਂ ਪੈਂਦੀ ਹੈ? ਲੱਖਾਂ ਮਾਸੂਮਾਂ ਦਾ ਖ਼ੂਨ ਵਹਿਣ, ਔਰਤਾਂ ਦੀ ਪੱਤ ਲੁੱਟੇ ਜਾਣ ਅਤੇ ਅਨਾਥ ਬੱਚਿਆਂ ਦੀਆਂ ਚੀਕਾਂ ਤੋਂ ਬਾਅਦ ਜੇਕਰ ਅਵਤਾਰ ਆਉਂਦਾ ਵੀ ਹੈ, ਤਾਂ ਉਸ ਇਨਸਾਫ਼ ਦਾ ਕੀ ਮਤਲਬ, ਜੋ ਬੇਗੁਨਾਹਾਂ ਦੀਆਂ ਬਲੀਆਂ ਲੈਣ ਤੋਂ ਬਾਅਦ ਮਿਲੇ? ਜੇਕਰ ਇਸ ਸਭ ਨੂੰ ਕਰਮਾਂ ਦਾ ਫਲ ਜਾਂ ਲੀਲ੍ਹਾ ਕਹਿ ਕੇ ਟਾਲ ਦਿੱਤਾ ਜਾਂਦਾ ਹੈ, ਤਾਂ ਅਜਿਹਾ ਭਗਵਾਨ ਰਖਵਾਲਾ ਘੱਟ ਅਤੇ ਇੱਕ ਅਪਰਾਧਿਕ ਖੇਡ ਦਾ ਮੂਕ-ਦਰਸ਼ਕ ਜ਼ਿਆਦਾ ਜਾਪਦਾ ਹੈ।

ਈਸਾਈ ਧਰਮ ਦੇ ਪੈਰੋਕਾਰ ਵੀ ਸਦੀਆਂ ਤੋਂ ਇੱਕੋ ਹੋਕਾ ਦਿੰਦੇ ਆ ਰਹੇ ਹਨ ਕਿ ਯਸੂ ਮਸੀਹ ਵਾਪਸ ਆਉਣ ਵਾਲੇ ਹਨ ਅਤੇ ਮਨੁੱਖਤਾ ਨੂੰ ਸਾਰੇ ਦੁੱਖਾਂ ਤੋਂ ਮੁਕਤੀ ਦਿਵਾਉਣਗੇ, ਪਰ ਸਵਾਲ ਇਹ ਹੈ ਕਿ ਸਦੀਆਂ ਤੋਂ ਜੰਗਾਂ ਵਿੱਚ ਪਿਸ ਰਹੀ ਮਨੁੱਖਤਾ, ਭੁੱਖ ਨਾਲ ਤੜਫ਼ਦੇ ਮਾਸੂਮ ਅਤੇ ਧਰਮ ਦੇ ਨਾਂਅ 'ਤੇ ਹੁੰਦੇ ਕਤਲੇਆਮ ਕੀ ਅਜੇ ਵੀ ਉਸ ਸਹੀ ਸਮੇਂ ਦੀ ਉਡੀਕ ਨੂੰ ਪੂਰਾ ਨਹੀਂ ਕਰ ਸਕੇ? ਜੇ ਪਰਮੇਸ਼ੁਰ ਅਥਾਹ ਪ੍ਰੇਮ ਅਤੇ ਰਹਿਮ ਦਾ ਸਰੋਤ ਹੈ, ਤਾਂ ਆਪਣੇ ਹੀ ਸਾਜੇ ਬੰਦਿਆਂ ਨੂੰ ਇਸ ਦੋਜ਼ਖ਼ ਵਰਗੀ ਜ਼ਿੰਦਗੀ ਵਿੱਚ ਤੜਫ਼ਦਾ ਦੇਖ ਕੇ ਵੀ ਚੁੱਪ ਬੈਠਣਾ ਕਿਹੜਾ ਪ੍ਰੇਮ ਹੈ? ਜੇ ਦੈਵੀ ਇਨਸਾਫ਼ ਲਈ ਆਖਰੀ ਦਿਨ ਤੱਕ ਬੰਦਿਆਂ ਦਾ ਪਿਸਣਾ ਲਾਜ਼ਮੀ ਹੈ, ਤਾਂ ਅਜਿਹੀ ਰਹਿਮਤ 'ਤੇ ਸਵਾਲ ਖੜ੍ਹੇ ਹੋਣਾ ਸੁਭਾਵਿਕ ਹੈ। ਇਹ ਇੱਕ ਇਤਿਹਾਸਕ ਵਿਰੋਧਾਭਾਸ ਹੈ ਕਿ ਈਸਾਈ, ਮੁਸਲਮਾਨ ਅਤੇ ਯਹੂਦੀ ਇੱਕੋ ਅਬਰਾਹਿਮੀ ਪਰੰਪਰਾ ਦੀਆਂ ਜੜ੍ਹਾਂ ਨਾਲ ਜੁੜੇ ਹੋਣ ਦੇ ਬਾਵਜੂਦ ਸਦੀਆਂ ਤੋਂ ਆਪਸੀ ਟਕਰਾਅ ਵਿੱਚ ਉਲਝੇ ਹੋਏ ਹਨ। ਇਤਿਹਾਸ ਗਵਾਹ ਹੈ ਕਿ ਜਿੱਥੇ ਇਹਨਾਂ ਧਰਮਾਂ ਦਾ ਮੂਲ ਸਾਂਝਾ ਹੈ, ਉੱਥੇ ਹੀ ਰੱਬ ਦੀ ਆਪਣੀ-ਆਪਣੀ ਵਿਆਖਿਆ ਅਤੇ ਧਾਰਮਿਕ ਸਰਵਉੱਚਤਾ ਦੇ ਦਾਅਵਿਆਂ ਕਾਰਨ ਸਦੀਆਂ ਤੱਕ ਖ਼ੂਨ ਵਹਾਇਆ ਗਿਆ। ਅੱਜ ਗੁਰਦੁਆਰਿਆਂ ਅਤੇ ਸਿੱਖ ਧਾਰਮਿਕ / ਵਿਦਿਅਕ ਸੰਸਥਾਵਾਂ ਦੇ ਪ੍ਰਬੰਧ ਵਿੱਚ ਸੱਤਾ ਦੀ ਹਵਸ, ਰਾਜਨੀਤਕ ਦਖ਼ਲ-ਅੰਦਾਜ਼ੀ ਅਤੇ ਚੌਧਰ ਦੀ ਲੜਾਈ ਬਾਰੇ ਗੰਭੀਰ ਸਵਾਲ ਉੱਠ ਰਹੇ ਹਨ। ਗੋਲਕਾਂ ਵਿੱਚ ਪੈਣ ਵਾਲੀ ਮਾਇਆ ਅਤੇ ਸ਼ਰਧਾਲੂਆਂ ਦੀ ਸੇਵਾ ਲਈ ਬਣੀਆਂ ਸਰਾਵਾਂ ਜੇਕਰ ਬੇਨਿਯਮੀਆਂ ਜਾਂ ਨਿੱਜੀ ਹਿੱਤਾਂ ਦੀ ਭੇਟ ਚੜ੍ਹ ਜਾਣ, ਤਾਂ ਸਵਾਲ ਸਿਰਫ਼ ਪ੍ਰਬੰਧਕਾਂ ਦੀ ਨੀਅਤ 'ਤੇ ਨਹੀਂ, ਉਸ ਰੱਬ ਦੀ ਸਰਬ-ਸ਼ਕਤੀਮਾਨਤਾ 'ਤੇ ਵੀ ਉਠਦਾ ਹੈ, ਜਿਸ ਦੇ ਨਾਂਅ 'ਤੇ ਇਹ ਸਭ ਕੁਝ ਕੀਤਾ ਜਾਂਦਾ ਹੈ। ਜੇ ਉਹ ਸਰਬ-ਸ਼ਕਤੀਮਾਨ ਹੈ, ਤਾਂ ਉਹ ਆਪਣੇ ਹੀ ਘਰ ਵਿੱਚ ਲਾਲਚ, ਧੋਖੇ ਅਤੇ ਬੇਇਨਸਾਫ਼ੀ ਨੂੰ ਕਿਉਂ ਨਹੀਂ ਰੋਕਦਾ? ਹਰ ਧਰਮ ਮਾਨਵਤਾ ਦੇ ਭਲੇ ਦਾ ਦਾਅਵਾ ਤਾਂ ਕਰਦਾ ਹੈ, ਪਰ ਅਫ਼ਸੋਸ ਕਿ ਹਰ ਧਰਮ ਅਨੇਕਾਂ ਫਿਰਕਿਆਂ ਵਿੱਚ ਵੰਡਿਆ ਹੋਇਆ ਹੈ, ਜਿੱਥੇ ਹਰ ਫਿਰਕਾ ਦੂਜੇ ਨੂੰ ਗ਼ਲਤ ਮੰਨ ਕੇ ਜਹੰਨਮ ਦਾ ਭਾਗੀਦਾਰ ਸਮਝਦਾ ਹੈ।

ਸੱਚ ਤਾਂ ਇਹ ਹੈ ਕਿ ਅਸੀਂ ਆਪਣੀਆਂ ਹੀ ਪੈਦਾ ਕੀਤੀਆਂ ਬੁਰਾਈਆਂ ਨੂੰ ਸੁਧਾਰਨ ਦੀ ਥਾਂ ਅੱਖਾਂ ਮੀਚ ਕੇ ਅਸਮਾਨ ਵੱਲ ਦੇਖਣ ਦੇ ਆਦੀ ਹੋ ਚੁੱਕੇ ਹਾਂ। ਜਦੋਂ ਤੱਕ ਇਨਸਾਨ ਆਪਣੇ ਅੰਦਰ ਦੇ ਇਲਮ, ਇਨਸਾਫ਼ ਅਤੇ ਜ਼ਮੀਰ ਨੂੰ ਨਹੀਂ ਜਗਾਉਂਦਾ, ਉਦੋਂ ਤੱਕ ਕੋਈ ਅਵਤਾਰ ਜਾਂ ਮਸੀਹਾ ਅਸਮਾਨ ਤੋਂ ਉਤਰ ਕੇ ਸਾਡੇ ਦੁੱਖ ਦੂਰ ਕਰਨ ਨਹੀਂ ਆਵੇਗਾ।

**# ਸੰਪਰਕ : 94230-81058**

# ਭਾਰਤ-ਕੈਨੇਡਾ ਵਪਾਰ, ਜਨਤਕ ਸੁਰੱਖਿਆ ਤੋਂ ਉੱਪਰ ਨਹੀਂ



ਸੁਰਜੀਤ ਸਿੰਘ ਫਲੋਰਾ

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਸੰਬਰ 2026 ਵਿੱਚ ਹੋਣ ਵਾਲੀ ਦੱਸੀ ਜਾ ਰਹੀ ਕੈਨੇਡਾ ਫੇਰੀ, ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦੋਵਾਂ ਦੇਸ਼ਾਂ ਦੇ ਰਿਸ਼ਤੇ ਸੁਧਾਰਨ ਦੇ ਯਤਨਾਂ ਦੀ ਪਰਖ ਕਰੇਗੀ। ਵਪਾਰਕ ਸੰਬੰਧ ਮਜ਼ਬੂਤ ਹੋਣ ਨਾਲ ਕੈਨੇਡਾ ਨੂੰ ਲਾਭ ਹੋ ਸਕਦਾ ਹੈ, ਪਰ ਇਸ ਨਾਲ ਸਰਕਾਰ ਦੀ ਜਨਤਕ ਸੁਰੱਖਿਆ ਅਤੇ ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੁੰਦੀ।ਕੈਨੇਡਾ ਵਿੱਚ ਵਿਦੇਸ਼ੀ ਤੱਤਾਂ ਨਾਲ ਜੁੜੀ ਸਰਹੱਦ-ਪਾਰ ਅਪਰਾਧਕ ਸਰਗਰਮੀ ਦੇ ਦੋਸ਼ਾਂ ਦੀ ਧਿਆਨ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਬਿਨਾਂ ਸਬੂਤ ਸੱਚ ਮੰਨਣਾ ਵੀ ਠੀਕ ਨਹੀਂ ਤੇ ਰੱਦ ਕਰ ਦੇਣਾ ਵੀ। ਧਮਕੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ, ਜਦਕਿ ਦੋਸ਼ੀ ਠਹਿਰਾਏ ਗਏ ਲੋਕਾਂ ਨੂੰ ਨਿਰਪੱਖ ਕਾਨੂੰਨੀ ਪ੍ਰਕਿਰਿਆ ਦਾ ਹੱਕ ਹੈ।

ਗੱਲ ਸਿੱਧੀ ਹੈ, ਲੋਕਾਂ ਨੂੰ ਬਿਨਾਂ ਡਰ ਆਪਣੇ ਕਾਰੋਬਾਰ ਚਲਾਉਣ, ਸਿਆਸੀ ਵਿਚਾਰ ਪ੍ਰਗਟ ਕਰਨ ਅਤੇ ਭਾਈਚਾਰੇ ਦੀ ਜ਼ਿੰਦਗੀ ਵਿੱਚ ਹਿੱਸਾ ਲੈਣ ਦਾ ਹੱਕ ਹੋਣਾ ਚਾਹੀਦਾ ਹੈ। ਜੇ ਸ਼ੱਕੀ ਸਰਗਰਮੀਆਂ ਵਿੱਚ ਵਿਦੇਸ਼ੀ ਦਖ਼ਲ ਦਾ ਦੋਸ਼ ਹੋਵੇ, ਤਾਂ ਇਹ ਸੁਰੱਖਿਆ ਦੇ ਨਾਲ ਦੇਸ਼ ਦੀ ਪ੍ਰਭੂਸੱਤਾ ਦਾ ਮਾਮਲਾ ਵੀ ਬਣ ਜਾਂਦਾ ਹੈ।

ਗੋਲੀਬਾਰੀ, ਕਤਲ, ਫਿਰੌਤੀ ਦੀਆਂ ਕੋਸ਼ਿਸ਼ਾਂ, ਰਿਹਾਈ ਦੀ ਰਕਮ ਮੰਗਣ, ਅਗਜ਼ਨੀ, ਤੰਗ-ਪਰੇਸ਼ਾਨੀ ਅਤੇ ਧਮਕੀਆਂ ਨੂੰ ਇਕੋ ਕਾਰਨ ਨਾਲ ਨਹੀਂ ਜੋੜਿਆ ਜਾ ਸਕਦਾ। ਹਰ ਘਟਨਾ ਲਈ ਸਬੂਤ ਚਾਹੀਦੇ ਹਨ ਕਿ ਕਾਰਵਾਈ ਕਿਸ ਨੇ ਕੀਤੀ, ਉਸ ਨੂੰ ਕਿਸ ਨੇ ਹਦਾਇਤ ਦਿੱਤੀ ਅਤੇ ਉਸ ਦਾ ਮਕਸਦ ਕੀ ਸੀ।ਰਾਇਲ ਕੈਨੇਡੀਅਨ ਮਾਊਂਟ ਪੁਲਿਸ ਆਰ ਸੀ ਐੱਮ ਪੀ ਨੇ ਅਕਤੂਬਰ 2024 ਵਿੱਚ ਦੱਖਣੀ ਏਸ਼ੀਆਈ ਕੈਨੇਡੀਅਨਾਂ, ਖ਼ਾਸਕਰ ਖਾਲਿਸਤਾਨ ਲਹਿਰ ਨਾਲ ਜੁੜੇ ਲੋਕਾਂ, ਖ਼ਿਲਾਫ਼ ਹਿੰਸਾ ਅਤੇ ਧਮਕੀਆਂ ਬਾਰੇ ਦੋਸ਼ ਲਾਏ ਸਨ। ਵੱਖ-ਵੱਖ ਸਿਆਸੀ ਵਿਚਾਰਾਂ ਵਾਲੇ ਕਾਰੋਬਾਰੀ ਅਤੇ ਵਸਨੀਕ ਵੀ ਧਮਕੀਆਂ ਦਾ ਸਾਹਮਣਾ ਕਰ ਸਕਦੇ ਹਨ, ਜਿਨ੍ਹਾਂ ਦਾ ਸਰੋਤ ਤੁਰੰਤ ਸਪੱਸ਼ਟ ਨਹੀਂ ਹੁੰਦਾ।

ਆਰ ਸੀ ਐੱਮ ਪੀ ਨੇ ਭਾਰਤੀ ਸਰਕਾਰੀ ਏਜੰਟਾਂ ਅਤੇ ਕੈਨੇਡਾ ਵਿੱਚ ਅਪਰਾਧਕ ਸਰਗਰਮੀਆਂ ਵਿਚਕਾਰ ਸੰਬੰਧਾਂ ਦੇ ਦੋਸ਼ ਜਨਤਕ ਕੀਤੇ ਹਨ। ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ ਸੀ ਐੱਸ ਆਈ ਐੱਸ ਨੇ ਭਾਰਤ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਨਾਲ ਜੁੜੀ ਚਿੰਤਾ ਵਜੋਂ ਦਰਸਾਇਆ ਹੈ। ਭਾਰਤ ਨੇ ਆਰ ਸੀ ਐੱਮ ਪੀ ਦੇ ਦੋਸ਼ ਰੱਦ ਕੀਤੇ ਹਨ। ਇਨ੍ਹਾਂ ਬਿਆਨਾਂ ਦੀ ਜਾਂਚ ਹੋਣੀ ਚਾਹੀਦੀ ਹੈ, ਪਰ ਇਨ੍ਹਾਂ ਨਾਲ ਹਰ ਰਿਪੋਰਟ ਕੀਤੇ ਅਪਰਾਧ ਵਿੱਚ ਦੋਸ਼ ਸਾਬਤ ਨਹੀਂ ਹੁੰਦਾ।ਵਿਦੇਸ਼ੀ ਸੰਬੰਧਾਂ ਵਾਲੇ ਅਪਰਾਧ ਦੇ ਦੋਸ਼ ਵਿੱਚ ਕਈ ਵੱਖਰੇ ਸਵਾਲ ਹੁੰਦੇ ਹਨ। ਪਹਿਲਾਂ ਇਹ ਸਾਬਤ ਕਰਨਾ ਪੈਂਦਾ ਹੈ ਕਿ ਅਪਰਾਧ ਹੋਇਆ। ਫਿਰ ਇਹ ਪਛਾਣਨਾ ਪੈਂਦਾ ਹੈ ਕਿ ਉਹ ਕਿਸ ਨੇ ਕੀਤਾ। ਕਿਸੇ ਵਿਦੇਸ਼ੀ ਅਧਿਕਾਰੀ ਵੱਲੋਂ ਉਸ ਨੂੰ ਹੁਕਮ ਦੇਣ, ਪੈਸਾ ਦੇਣ ਜਾਂ ਮਦਦ ਕਰਨ ਦਾ ਸਬੂਤ ਇਕ ਹੋਰ ਵੱਖਰੀ ਕੜੀ ਹੈ। ਕਿਸੇ ਸ਼ੱਕੀ ਦੇ ਵਿਦੇਸ਼ੀ ਸੰਪਰਕ ਜਾਂ ਪੀੜਤ ਦੇ ਵਿਵਾਦਪੂਰਨ ਸਿਆਸੀ ਵਿਚਾਰ ਇਸ ਕੜੀ ਨੂੰ ਆਪਣੇ ਆਪ ਸਾਬਤ ਨਹੀਂ ਕਰਦੇ।

ਅਮਰੀਕਾ ਵਿੱਚ ਚੱਲੀ ਕਾਰਵਾਈ ਪਿਛੋਕੜ ਸਮਝਣ ਲਈ ਅਹਿਮ ਹੈ, ਪਰ ਕੈਨੇਡਾ ਵਿੱਚ ਜਵਾਬਦੇਹੀ ਕੈਨੇਡੀਅਨ ਸਬੂਤਾਂ ਨਾਲ ਹੀ ਤੈਅ ਹੋਵੇਗੀ। ਅਕਤੂਬਰ 2024 ਵਿੱਚ ਅਮਰੀਕੀ ਨਿਆਂ ਵਿਭਾਗ ਨੇ ਵਿਕਾਸ ਯਾਦਵ ਖ਼ਿਲਾਫ਼ ਦੋਸ਼ਾਂ ਦਾ ਐਲਾਨ ਕੀਤਾ ਸੀ। ਦੋਸ਼-ਪੱਤਰ ਵਿੱਚ ਉਸ ਨੂੰ ਭਾਰਤੀ ਸਰਕਾਰੀ ਕਰਮਚਾਰੀ ਦੱਸਿਆ ਗਿਆ ਅਤੇ ਉਸ 'ਤੇ ਨਿਊਯਾਰਕ ਵਿੱਚ ਇਕ ਅਮਰੀਕੀ ਨਾਗਰਿਕ ਦੇ ਕਤਲ ਦੀ ਕਥਿਤ ਸਾਜ਼ਿਸ਼ ਦਾ ਦੋਸ਼ ਲਾਇਆ ਗਿਆ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਜਾਂਚ ਕੀਤੀ। ਦੋਸ਼-ਪੱਤਰ ਦੋਸ਼ ਬਿਆਨ ਕਰਦਾ ਹੈ, ਦੋਸ਼-ਸਿੱਧੀ ਨਹੀਂ। ਨਿਊ ਯਾਰਕ ਦੀ ਕਥਿਤ ਸਾਜ਼ਿਸ਼ ਇਹ ਸਾਬਤ ਨਹੀਂ ਕਰਦੀ ਕਿ ਸਰੀ ਜਾਂ ਟੋਰਾਂਟੋ ਵਿੱਚ ਕਿਸੇ ਅਪਰਾਧ ਦਾ ਹੁਕਮ ਕਿਸ ਨੇ ਦਿੱਤਾ।ਕੈਨੇਡਾ ਨੂੰ ਅਮਰੀਕੀ ਬਾਜ਼ਾਰ ਤੱਕ ਪਹੁੰਚ ਬਾਰੇ ਅਨਿਸਚਿਤਤਾ ਅਤੇ ਟੈਰਿਫ਼ਾਂ ਕਾਰਨ ਵਪਾਰਕ ਭਾਈਵਾਲ ਵਧਾਉਣ ਦੀ ਲੋੜ ਹੈ। ਭਾਰਤ ਇਕ ਮਹੱਤਵਪੂਰਨ ਸੰਭਾਵੀ ਭਾਈਵਾਲ ਹੈ, ਪਰ ਇਸ ਨਾਲ ਇਹ ਤੈਅ ਨਹੀਂ ਹੁੰਦਾ ਕਿ ਭਰੋਸੇਯੋਗ ਸੁਰੱਖਿਆ-ਚਿੰਤਾਵਾਂ ਬਾਰੇ ਓਟਵਾ ਕੀ ਕਰੇ। ਵਪਾਰਕ ਗੱਲਬਾਤ ਵਿੱਚ ਬਾਜ਼ਾਰ ਤੱਕ ਪਹੁੰਚ ਅਤੇ ਨਿਵੇਸ਼ ਬਾਰੇ ਚਰਚਾ ਹੋ ਸਕਦੀ ਹੈ, ਜਦਕਿ ਪੁਲਸ ਕੈਨੇਡੀਅਨ ਕਾਨੂੰਨ ਤਹਿਤ ਅਪਰਾਧਾਂ ਦੀ ਜਾਂਚ ਕਰੇ। ਹਰ ਕੂਟਨੀਤਕ ਸੰਪਰਕ ਰੋਕਣ ਦੀ ਲੋੜ ਨਹੀਂ, ਪਰ ਵਪਾਰਕ ਤਰਜੀਹਾਂ ਨੂੰ ਜਾਂਚ ਦੇ ਰਾਹ ਵਿੱਚ ਆਉਣ ਦੇਣਾ ਵੀ ਕਬੂਲਯੋਗ ਨਹੀਂ।

'ਦਿ ਨਿਊ ਯਾਰਕ ਟਾਈਮਜ਼' ਨੂੰ ਕਾਰਨੀ ਦਾ ਕਥਿਤ ਜਵਾਬ ਸੀ: ਕੀ ਮੈਂ ਗਾਰੰਟੀ ਦੇ ਸਕਦਾ ਹਾਂ ਕਿ ਕੈਨੇਡਾ ਵਿੱਚ ਕੋਈ ਅਪਰਾਧ ਨਹੀਂ ਹੋਵੇਗਾ? ਨਹੀਂ। ਗੱਲ ਸਹੀ ਹੈ, ਕੋਈ ਪ੍ਰਧਾਨ ਮੰਤਰੀ ਅਪਰਾਧ-ਰਹਿਤ ਦੇਸ਼ ਦੀ ਗਾਰੰਟੀ ਨਹੀਂ ਦੇ ਸਕਦਾ, ਪਰ ਆਲੋਚਕਾਂ ਦਾ ਸਵਾਲ ਇਹ ਨਹੀਂ ਕਿ ਹਰ ਅਪਰਾਧ ਰੋਕਿਆ ਜਾ ਸਕਦਾ ਹੈ ਜਾਂ ਨਹੀਂ। ਉਹ ਜਾਣਨਾ ਚਾਹੁੰਦੇ ਹਨ ਕਿ ਵਿਦੇਸ਼ੀ ਸਰਕਾਰ ਜਾਂ ਉਸ ਦੇ ਹਮਾਇਤੀ ਕਥਿਤ ਤੌਰ 'ਤੇ ਅਪਰਾਧਕ ਸਰਗਰਮੀ ਚਲਾਉਣ ਜਾਂ ਉਸ ਦੀ ਮਦਦ ਕਰਨ, ਤਾਂ ਕੈਨੇਡਾ ਕਿਵੇਂ ਜਵਾਬ ਦੇਵੇਗਾ।ਇਸ ਦਾ ਜਵਾਬ ਸਪੱਸ਼ਟ ਨੀਤੀ ਨਾਲ ਮਿਲਣਾ ਚਾਹੀਦਾ ਹੈ। ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਕਿਸੇ ਵੀ ਦੇਸ਼ ਦੀ ਸਰਕਾਰ, ਖ਼ੁਫ਼ੀਆ ਏਜੰਸੀ ਜਾਂ ਉਸ ਨਾਲ ਜੁੜਿਆ ਗਰੁੱਪ ਕੈਨੇਡਾ ਵਾਸੀਆਂ ਨੂੰ ਧਮਕੀ ਨਹੀਂ ਦੇ ਸਕਦਾ ਅਤੇ ਨਾ ਹੀ ਦੇਸ਼ ਦੀ ਪ੍ਰਭੂਸੱਤਾ ਨੂੰ ਕਮਜ਼ੋਰ ਕਰ ਸਕਦਾ ਹੈ। ਭਰੋਸੇਯੋਗ ਦੋਸ਼ਾਂ ਦੀ ਕੈਨੇਡੀਅਨ ਕਾਨੂੰਨ ਅਧੀਨ ਜਾਂਚ ਹੋਵੇਗੀ। ਇਹ ਮਾਪਦੰਡ ਹਰ ਦੇਸ਼ 'ਤੇ ਇਕੋ ਜਿਹਾ ਲਾਗੂ ਹੋਣਾ ਚਾਹੀਦਾ ਹੈ।

ਸੰਘੀ, ਸੂਬਾਈ ਅਤੇ ਸਥਾਨਕ ਅਧਿਕਾਰੀਆਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਅਤੇ ਜ਼ਿੰਮੇਵਾਰੀ ਤੈਅ ਕਰਨ ਦੇ ਸਪੱਸ਼ਟ ਪ੍ਰਬੰਧ ਹੋਣੇ ਚਾਹੀਦੇ ਹਨ। ਧਮਕੀ ਦਾ ਸਾਹਮਣਾ ਕਰ ਰਹੇ ਕਾਰੋਬਾਰੀ ਨੂੰ ਮਦਦ ਲੈਣ ਤੋਂ ਪਹਿਲਾਂ ਇਹ ਪਤਾ ਲਾਉਣ ਦੀ ਜ਼ਿੰਮੇਵਾਰੀ ਨਹੀਂ ਹੋਣੀ ਚਾਹੀਦੀ ਕਿ ਕਿਹੜੀ ਏਜੰਸੀ ਕੋਲ ਅਧਿਕਾਰ ਹੈ। ਰਿਪੋਰਟ ਕਰਨ ਦੇ ਰਾਹਾਂ ਵਿੱਚ ਲੋੜ ਪੈਣ 'ਤੇ ਭਾਸ਼ਾਈ ਮਦਦ, ਗੁਪਤਤਾ ਦੀਆਂ ਹੱਦਾਂ ਬਾਰੇ ਜਾਣਕਾਰੀ ਅਤੇ ਸੁਰੱਖਿਅਤ ਢੰਗ ਨਾਲ ਸੁਨੇਹੇ ਜਾਂ ਹੋਰ ਸਬੂਤ ਭੇਜਣ ਦੀ ਸਹੂਲਤ ਹੋਵੇ। ਅਧਿਕਾਰੀਆਂ ਨੂੰ ਇਹ ਵੀ ਪਰਖਣਾ ਚਾਹੀਦਾ ਹੈ ਕਿ ਰਿਪੋਰਟ ਕਰਨ ਨਾਲ ਕਿਸੇ ਨੂੰ ਬਦਲੇ ਦੀ ਕਾਰਵਾਈ ਦਾ ਖ਼ਤਰਾ ਤਾਂ ਨਹੀਂ।ਗਵਾਹਾਂ ਦੀ ਸੁਰੱਖਿਆ, ਸੁਰੱਖਿਆ-ਯੋਜਨਾ ਅਤੇ ਨਿਸ਼ਾਨਾ ਬਣਾਏ ਲੋਕਾਂ ਲਈ ਸਹਾਇਤਾ ਖ਼ਤਰੇ ਦੇ ਅਨੁਮਾਨ ਮੁਤਾਬਕ ਹੋਣੀ ਚਾਹੀਦੀ ਹੈ। ਹਰ ਅਪਰਾਧ ਰੋਕਿਆ ਨਹੀਂ ਜਾ ਸਕਦਾ ਅਤੇ ਹਰ ਜਾਂਚ ਵਿੱਚ ਦੋਸ਼ ਨਹੀਂ ਲੱਗਣਗੇ। ਸਰਕਾਰ ਜਾਂਚ ਦੇ ਢੰਗ ਜਾਂ ਕਮਜ਼ੋਰ ਹਾਲਤ ਵਿੱਚ ਮੌਜੂਦ ਲੋਕਾਂ ਦੀ ਪਛਾਣ ਦੱਸੇ ਬਿਨਾਂ ਵੀ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਜਨਤਾ ਨੂੰ ਜਾਣਕਾਰੀ ਦੇ ਸਕਦੀ ਹੈ।ਕੈਨੇਡਾ ਭਾਰਤ ਨਾਲ ਸਬੰਧ ਸੁਧਾਰ ਸਕਦਾ ਹੈ ਅਤੇ ਨਾਲ ਹੀ ਸੁਰੱਖਿਆ ਬਾਰੇ ਗੰਭੀਰ, ਸਬੂਤ-ਅਧਾਰਤ ਚਿੰਤਾਵਾਂ ਨੂੰ ਵੀ ਸੰਬੋਧਨ ਕਰ ਸਕਦਾ ਹੈ। ਸਰਕਾਰ ਦਾ ਫ਼ਰਜ਼ ਹੈ ਕਿ ਭਰੋਸੇਯੋਗ ਦੋਸ਼ਾਂ ਦੀ ਨਿਰਪੱਖ ਜਾਂਚ ਹੋਵੇ, ਖ਼ਤਰੇ ਹੇਠ ਲੋਕਾਂ ਨੂੰ ਢੁਕਵੀਂ ਸੁਰੱਖਿਆ ਮਿਲੇ ਅਤੇ ਵਿਦੇਸ਼ੀ ਦਖ਼ਲ ਦਾ ਫ਼ੈਸਲਾ ਸਬੂਤਾਂ ਦੇ ਆਧਾਰ 'ਤੇ ਕੀਤਾ ਜਾਵੇ, ਭਾਵੇਂ ਸੰਬੰਧਤ ਦੇਸ਼ ਦੀ ਆਰਥਿਕ ਅਹਿਮੀਅਤ ਕਿੰਨੀ ਵੀ ਹੋਵੇ।

ਕਾਰਨੀ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਅਜਿਹੇ ਠੋਸ ਅਗਲੇ ਕਦਮ ਦੱਸਣੇ ਚਾਹੀਦੇ ਹਨ ਜੋ ਉਹ ਚੁੱਕ ਸਕਦੇ ਹਨ, ਨਾ ਕਿ ਉਹ ਗਾਰੰਟੀਆਂ ਦੇਣੀਆਂ ਚਾਹੀਦੀਆਂ ਹਨ, ਜੋ ਕੋਈ ਸਰਕਾਰ ਪੂਰੀ ਨਹੀਂ ਕਰ ਸਕਦੀ। ਅਸਲ ਪਰਖ ਇਹ ਹੈ ਕਿ ਜਦੋਂ ਧਮਕੀਆਂ ਲੋਕਾਂ ਦੇ ਕਾਰੋਬਾਰਾਂ, ਘਰਾਂ ਅਤੇ ਸਿਆਸੀ ਜੀਵਨ ਤੱਕ ਪਹੁੰਚਦੀਆਂ ਹਨ, ਤਾਂ ਕੀ ਉਹ ਕੈਨੇਡੀਅਨ ਸੰਸਥਾਵਾਂ 'ਤੇ ਭਰੋਸਾ ਕਰ ਸਕਦੇ ਹਨ। ਭਾਰਤ ਨਾਲ ਸੁਧਰਦੇ ਕੂਟਨੀਤਕ ਸਬੰਧਾਂ ਨੂੰ ਇਹ ਭਰੋਸਾ ਮਜ਼ਬੂਤ ਕਰਨਾ ਚਾਹੀਦਾ ਹੈ, ਉਸ ਨੂੰ ਪਾਸੇ ਰੱਖਣ ਲਈ ਨਹੀਂ ਕਹਿਣਾ ਚਾਹੀਦਾ।

## ਰਾਮਲੀਲ੍ਹਾ 'ਚ ਧਾਰਮਿਕ ਦ੍ਰਿਸ਼ਾਂ ਨੇ ਦਰਸ਼ਕਾਂ ਦਾ ਮਨ ਮੋਹਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦੁਸਹਿਰਾ ਮੈਦਾਨ ਵਿੱਚ ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਕਰਾਈ ਜਾ ਰਹੀ ਰਾਮਲੀਲ੍ਹਾ ਦੌਰਾਨ ਵੱਖ-ਵੱਖ ਧਾਰਮਿਕ ਪ੍ਰਸੰਗਾਂ ਦੀ ਪੇਸ਼ਕਾਰੀ ਕੀਤੀ ਗਈ। ਕਾਂਗਰਸ ਪਾਰਟੀ ਦੇ ਬੱਸੀ ਪਠਾਣਾ/ਸਾਹਨੇਵਾਲ ਹਲਕਿਆਂ ਦੇ ਅਬਜ਼ਰਵਰ ਕਸਤੂਰੀ ਲਾਲ ਮਿੰਟੂ, ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਹਲਕਾ ਸਮਰਾਲਾ ਇੰਚਾਰਜ ਬਰਜਿੰਦਰ ਸਿੰਘ ਬਬਲੂ ਲੋਪੋਂ, ਜ਼ਿਲ੍ਹਾ ਪ੍ਰਧਾਨ ਜਥੇਦਾਰ ਮਨਮੋਹਣ ਸਿੰਘ ਖੇੜਾ, ਗਊਸ਼ਾਲਾ ਕਮੇਟੀ ਦੇ ਪ੍ਰਧਾਨ ਸੁਰਿੰਦਰ ਬਾਂਸਲ, ਸੁੱਖਾ ਮਾਨ ਤੇ ਮਨਰਾਜ ਸਿੰਘ ਲੁਬਾਣਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ। ਮਹਿਮਾਨਾਂ ਨੇ ਰਾਮਲੀਲਾ ਦੀ ਪੇਸ਼ਕਾਰੀ ਦਾ ਆਨੰਦ ਮਾਣਿਆ ਤੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਨਵੀਂ ਪੀੜ੍ਹੀ ਨੂੰ ਆਪਣੀ ਸੰਸਕ੍ਰਿਤੀ ਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੋੜਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਪ੍ਰਬੰਧਕਾਂ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਸ਼ਲਾਘਾ ਵੀ ਕੀਤੀ। ਸਮਾਗਮ ਦੌਰਾਨ ਕਮੇਟੀ ਅਹੁਦੇਦਾਰਾਂ ਵਲੋਂ ਆਏ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ।

## ਵਿਧਾਇਕ ਕੋਹਲੀ ਵੱਲੋਂ ਧਰਮਸ਼ਾਲਾ ਦੇ ਨਿਰਮਾਣ ਕੰਮ ਦਾ ਉਦਘਾਟਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰੀ ਤੋਂ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਮਥੁਰਾ ਕਲੋਨੀ ਵਿਖੇ ਕੇਦਾਰ ਨਾਥ ਮੰਦਰ ਨਾਲ ਲੱਗਦੀ ਥਾਂ 'ਤੇ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਧਰਮਸ਼ਾਲਾ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾ ਰਿਹਾ ਹੈ ਤੇ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਧਰਮਸ਼ਾਲਾ ਦੇ ਨਿਰਮਾਣ ਨਾਲ ਇਲਾਕਾ ਨਿਵਾਸੀਆਂ ਨੂੰ ਸਮਾਜਿਕ ਤੇ ਧਾਰਮਿਕ ਸਮਾਗਮ ਕਰਵਾਉਣ ਲਈ ਸਹੂਲਤ ਮਿਲੇਗੀ।ਇਸ ਮੌਕੇ ਸੁਰਿੰਦਰਜੀਤ ਸਿੰਘ ਐੱਸਈ, ਰਣਜੀਤ ਸਿੰਘ, ਸਤਨਾਮ ਸਿੰਘ ਅਸੀਚਾ ਸਰਪ੍ਰਸਤ, ਮਿੱਠੂ ਪ੍ਰਧਾਨ, ਪੂਰਨ ਸਿੰਘ, ਸੁਰਿੰਦਰ ਪਾਠਕ, ਰਾਮ ਲਾਲ, ਤਰਸੇਮ ਬਰਮਾ, ਮਦਨ ਗੋਪਾਲ, ਸ਼ੰਟੀ ਬੈਨੀਪਾਲ ਤੇ ਹੋਰ ਆਗੂ ਸ਼ਾਮਲ ਸਨ।

## ਬਾਬਾ ਫਰੀਦ ਪਬਲਿਕ ਸਕੂਲ ਦੀ ਲਾਇਬ੍ਰੇਰੀ ਨੂੰ ਪੁਸਤਕਾਂ ਭੇਟ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸ੍ਰ. ਮੁਖਤਿਆਰ ਸਿੰਘ ਬੰਗੜ ਵੱਲੋਂ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੀ ਲਾਇਬ੍ਰੇਰੀ ਨੂੰ 17 ਪੁਸਤਕਾਂ ਤੇ ਦੋ ਗੁਟਕਾ ਸਾਹਿਬ ਭੇਟ ਕੀਤੇ ਗਏ।ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰ. ਸੁਰਿੰਦਰ ਸਿੰਘ ਰੋਮਾਣਾ ਵੀ ਹਾਜ਼ਰ ਸਨ।ਇਸ ਮੌਕੇ ਸਕੂਲ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਸੁਖਦੀਪ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਅਤੇ ਪੜ੍ਹਨ ਦੀ ਰੁਚੀ ਨਾਲ ਜੋੜਨ ਲਈ ਯਤਨਸ਼ੀਲ ਹੈ।ਲਾਇਬ੍ਰੇਰੀ ਨੂੰ ਭੇਟ ਕੀਤੀਆਂ ਇਹ ਪੁਸਤਕਾਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਤੇ ਗੁਟਕਾ ਸਾਹਿਬ ਉਨ੍ਹਾਂ ਨੂੰ ਗੁਰਬਾਣੀ ਨਾਲ ਜੋੜਨ ਵਿੱਚ ਸਹਾਈ ਹੋਣਗੇ।ਸਕੂਲ ਪ੍ਰਬੰਧਨ ਵੱਲੋਂ ਸ੍ਰ. ਮੁਖਤਿਆਰ ਸਿੰਘ ਬੰਗੜ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

## ਨਥਾਣਾ ਸਕੂਲ 'ਚ ਕੌਮਾਂਤਰੀ ਆਫ਼ਤ ਜੋਖਮ ਘਟਾਓ ਦਿਹਾੜਾ ਮਨਾਇਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੇਰਾ ਯੁਵਾ ਭਾਰਤ ਬਠਿੰਡਾ, ਯੁਵਾ ਮਾਮਲੇ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਥਾਣਾ ਵਿਖੇ ਅੰਤਰਰਾਸ਼ਟਰੀ ਆਫ਼ਤ ਜੋਖਮ ਘਟਾਓ ਦਿਹਾੜਾ ਮਨਾਇਆ ਗਿਆ।ਜ਼ਿਲ੍ਹਾ ਯੁਵਾ ਅਧਿਕਾਰੀ ਸ੍ਰੀਮਤੀ ਮਿਸ਼ਾ ਨੇ ਦੱਸਿਆ ਕਿ ਇਹ ਦਿਹਾੜਾ ਹਰ ਸਾਲ 13 ਅਕਤੂਬਰ ਨੂੰ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਮੰਤਵ ਲੋਕਾਂ ਨੂੰ ਕੁਦਰਤੀ ਤੇ ਮਨੁੱਖੀ ਗਤੀਵਿਧੀਆਂ ਕਾਰਨ ਪੈਦਾ ਹੋਣ ਵਾਲੀਆਂ ਆਫ਼ਤਾਂ ਦੇ ਜੋਖਮਾਂ ਪ੍ਰਤੀ ਜਾਗਰੂਕ ਕਰਨਾ ਤੇ ਜਾਨੀ-ਮਾਲੀ ਨੁਕਸਾਨ ਨੂੰ ਘਟਾਉਣ ਲਈ ਲੋੜੀਂਦੇ ਉਪਰਾਲਿਆਂ ਬਾਰੇ ਜਾਣਕਾਰੀ ਦੇਣਾ ਹੈ।ਸਕੂਲ ਦੇ ਸਮਾਜਿਕ ਸਿੱਖਿਆ ਦੇ ਅਧਿਆਪਕ ਸ੍ਰੀ ਹਰਮਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਭੂਚਾਲ, ਹੜ੍ਹਾਂ ਤੇ ਹੋਰ ਕੁਦਰਤੀ ਆਫ਼ਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਆਫ਼ਤ ਦੇ ਸਮੇਂ ਸੁਰੱਖਿਆ ਉਪਾਅ ਅਪਣਾਉਣ, ਸਾਵਧਾਨੀਆਂ ਵਰਤਣ ਤੇ ਆਫ਼ਤਾਂ ਦੇ ਜੋਖਮ ਨੂੰ ਘਟਾਉਣ ਦੇ ਤਰੀਕਿਆਂ ਬਾਰੇ ਜਾਗਰੂਕ ਕੀਤਾ।ਪ੍ਰੋਗਰਾਮ ਵਿਦਿਆਰਥੀਆਂ ਦੇ ਲੇਖ ਲਿਖਣ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੇਰਾ ਯੁਵਾ ਭਾਰਤ, ਬਠਿੰਡਾ ਵੱਲੋਂ ਮੈਡਮ ਰਿਚਾ ਗੁਪਤਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੇਰਾ ਯੁਵਾ ਭਾਰਤ, ਬਠਿੰਡਾ ਦੇ ਯੁਵਾ ਵਲੰਟੀਅਰ ਹਰਵਿੰਦਰ ਸਿੰਘ, ਮਨਦੀਪ ਕੌਰ ਤੇ ਸਕੂਲ ਦਾ ਸਮੂਹ ਸਟਾਫ਼, ਵਿਦਿਆਰਥੀ ਆਦਿ ਹਾਜ਼ਰ ਸਨ।

## ਡਵੀਜ਼ਨ ਕਰਮਚਾਰੀਆਂ ਵੱਲੋਂ ਗੇਟ ਰੈਲੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਦੋ ਦਿਨ ਦੀ ਕੈਜ਼ੂਅਲ ਛੁੱਟੀ (ਹੜਤਾਲ) ਦੀ ਤਿਆਰੀ ਵਜੋਂ ਜਾਇੰਟ ਫੋਰਮ, ਏਕਤਾ ਮੰਚ ਤੇ ਏ ਓ ਜੇ ਈਜ਼ ਦੇ ਸੱਦੇ 'ਤੇ ਡਵੀਜ਼ਨ ਮੁਕਤਸਰ ਸਾਹਿਬ ਦੇ ਸਾਥੀਆਂ ਵੱਲੋਂ ਗੇਟ ਰੈਲੀ ਕੀਤੀ ਗਈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ 17/07/2020 ਤੇ 15/01/15 ਵਾਲਾ ਪੱਤਰ ਰੱਦ ਕਰਨ ਤੇ ਪੁਰਾਣੀ ਪੈਨਸ਼ਨ ਨੀਤੀ ਜਾਰੀ ਕਰਨ ਦੀ ਬੁਲਾਰਿਆਂ ਵੱਲੋਂ ਮੰਗ ਕੀਤੀ ਗਈ।ਇਸ ਦੇ ਨਾਲ ਹੀ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਲਗਾਤਾਰ ਕੀਤੀਆਂ ਮੀਟਿੰਗਾਂ ਵਿੱਚ ਹੋਈ ਸਹਿਮਤੀ ਨੂੰ ਲਾਗੂ ਨਾ ਕਰਨ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਗੇਟ ਰੈਲੀ ਵਿੱਚ ਬੋਲਦੇ ਹੋਏ ਬੁਲਾਰਿਆਂ ਨੇ ਸਰਕਾਰ ਤੇ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਮੰਗਾਂ ਨਾ ਮੰਨੀਆਂ ਤਾਂ 28 ਅਕਤੂਬਰ 2026 ਤੋਂ ਪਾਵਰਕਾਮ ਦੇ ਸਾਥੀ ਆਪਣੀ ਬਣਦੀ ਡਿਊਟੀ ਭਾਵ ਵਰਕ ਟੂ ਰੂਲ ਕਰਨਗੇ ਤੇ ਆਉਣ ਵਾਲੀ 28 ਅਕਤੂਬਰ 2026 ਨੂੰ ਦਿੜ੍ਹਬੇ ਵਿਖੇ ਵਿੱਤ ਮੰਤਰੀ ਦੇ ਹਲਕੇ ਵਿੱਚ ਧਰਨਾ ਦੇਣਗੇ ਅਤੇ ਰੋਸ ਮਾਰਚ ਕਰਨਗੇ, ਜਿਸ ਦੀ ਸਾਰੀ ਜ਼ੁੰਮੇਵਾਰੀ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਗੀ।ਇਸ ਗੇਟ ਰੈਲੀ ਵਿੱਚ ਸਾਥੀ ਬਸੰਤ ਸਿੰਘ, ਗੁਰਸੇਵਕ ਸਿੰਘ, ਮਨਿੰਦਰ ਸਿੰਘ, ਕਰਮਜੀਤ ਸਿੰਘ ਰੁਪਾਣਾ, ਮਨਦੀਪ ਸਿੰਘ ਤੇ ਬਰਜਿੰਦਰ ਕੁਮਾਰ ਸ਼ਰਮਾ ਨੇ ਹਿੱਸਾ ਲਿਆ ਹੈ।

## ਰਾਮਲੀਲ੍ਹਾ ਮੰਚਨ ਦੇ ਚੌਥੇ ਦਿਨ ਬਿੱਟੀ ਸੇਲਬਰਾਹੀਆ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ 'ਤੇ ਅਧਾਰਤ ਰਾਮਲੀਲ੍ਹਾ ਦਾ ਮੰਚਨ ਸਥਾਨਕ ਗੀਤਾ ਭਵਨ ਵਿਖੇ ਬੜੀ ਹੀ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ।ਨਵ ਭਾਰਤ ਕਲਾ ਮੰਚ ਦੇ ਪ੍ਰਧਾਨ ਸੁਰਿੰਦਰ ਧੀਰ ਦੀ ਅਗਵਾਈ ਵਿੱਚ ਕਰਵਾਈ ਜਾ ਰਹੀ ਰਾਮਲੀਲ੍ਹਾ ਦੇ ਚੌਥੇ ਦਿਨ ਦੀ ਸ਼ੁਰੂਆਤ ਮੁੱਖ ਮਹਿਮਾਨ ਕਾਂਗਰਸੀ ਆਗੂ ਮਨਜੀਤ ਸਿੰਘ ਸਿੱਧੂ ਉਰਫ ਬਿੱਟੀ ਸੇਲਬਰਾਹੀਆ ਨੇ ਰੀਬਨ ਕੱਟ ਕੇ ਕੀਤੀ।ਇਸ ਮੌਕੇ ਸਮੂਹ ਕਾਵੜ ਸੰਘ ਰਾਮਪੁਰਾ ਫੂਲ, ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ ਤੇ ਹਸਪਤਾਲ, ਜਲ ਸੇਵਾ ਦਲ (ਡੇਰਾ ਬਾਬਾ ਸ਼ਾਮ ਦਾਸ), ਅੰਨਪੂਰਨਾ ਰਸੋਈ (ਨੀਲਕੰਠ ਮੰਦਰ) ਕਮੇਟੀ, ਸ੍ਰੀ ਬਾਲਾ ਜੀ ਪ੍ਰਚਾਰ ਮੰਡਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਰਾਮਲੀਲ੍ਹਾ ਦੇ ਚੌਥੇ ਦਿਨ ਰਾਵਣ ਲਕਸ਼ਮਣ ਸੰਵਾਦ ਸੀਨ ਖਿੱਚ ਦਾ ਕੇਂਦਰ ਬਣਿਆ, ਉਥੇ ਹੀ ਸੀਤਾ ਸਵੰਬਰ ਸੀਨ ਤੇ ਸੀਤਾ ਦੀ ਵਿਦਾਇਗੀ ਸੀਨ ਨੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਦਰਸ਼ਕਾਂ ਦੀਆਂ ਅੱਖਾਂ ਨਮ ਕੀਤੀਆਂ।ਰਾਮਲੀਲ੍ਹਾ ਦੇ ਮੰਚਨ ਦੌਰਾਨ ਵਿਸ਼ਵਾਮਿੱਤਰ ਦੀ ਭੂਮਿਕਾ ਵਿੱਚ ਸੁਖਮੰਦਰ ਕਲਸੀ, ਰਾਮ ਦੀ ਭੂਮਿਕਾ ਪ੍ਰਮੋਦ ਵਰਮਾ, ਲਕਸ਼ਮਣ ਹਰਦੀਪ ਚਹਿਲ, ਰਾਜੇ ਦੀ ਭੂਮਿਕਾ ਗੁਰਪ੍ਰੀਤ ਸੀਟਾ, ਸੁਭਾਸ਼ ਪੇਂਟਰ, ਆਰਿਅਨ ਸ਼ਰਮਾ, ਸੇਮੀ ਮਹਿਰਾ, ਰਾਜੇਸ਼ ਬੱਲੀ, ਬਬਲੀ, ਕ੍ਰਿਸ਼ਨ ਗੋਇਲ, ਵਿਨੋਦ ਵਰਮਾ ਨੇ ਪਰਸੂਰਾਮ, ਰਾਵਣ ਦੀ ਭੂਮਿਕਾ ਰਜਨੀਸ਼ ਕਰਕਰਾ, ਮਹਾਰਾਜਾ ਜਨਕ ਦੇ ਰੋਲ ਵਿੱਚ ਸੁਰਿੰਦਰ ਧੀਰ, ਸੀਤਾ ਦੀ ਭੂਮਿਕਾ ਗੀਤੂ ਬਾਬਾ ਨੇ ਬਾਖੂਬੀ ਨਿਭਾਈ।ਭਾਟ ਦਾ ਰੋਲ ਡਾ. ਜਗਤਾਰ ਮਾਨ ਨੇ ਕੀਤਾ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮਾ. ਭਗਵਾਨ ਦਾਸ ਤੇ ਮਹਿੰਦਰ ਸ਼ਾਹੀ ਨੇ ਬਾਖੂਬੀ ਨਿਭਾਈ।

# ਹਰਿਆਣਾ ਤੇ ਯੂ ਪੀ ਤੋਂ ਵੱਡੀ ਪੱਧਰ 'ਤੇ ਪੰਜਾਬ ਆ ਰਿਹੈ ਝੋਨਾ

### ਸਸਤੇ ਭਾਅ 'ਤੇ ਝੋਨਾ ਖਰੀਦ ਕੇ ਲਿਆ ਰਹੇ ਸ਼ੈਲਰ ਮਾਲਕ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸੂਬੇ ਵਿੱਚ ਝੋਨੇ ਦੀ ਸਰਕਾਰੀ ਖਰੀਦ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਣ ਦੇ ਚੱਲਦਿਆਂ ਗੁਆਂਢੀ ਰਾਜ ਹਰਿਆਣਾ ਤੇ ਯੂ ਪੀ ਤੋਂ ਵੱਡੇ ਪੱਧਰ ਉੱਤੇ ਝੋਨੇ ਦੀ ਫ਼ਸਲ ਪੰਜਾਬ ਦੀਆਂ ਮੰਡੀਆਂ ਵਿੱਚ ਵਿਕਣ ਆਉਣੀ ਲਈ ਸ਼ੁਰੂ ਹੋ ਗਈ ਹੈ।ਸ਼ੈਲਰ ਮਾਲਕਾਂ ਵੱਲੋਂ ਸਸਤੇ ਭਾਅ ਉੱਤੇ ਬਾਹਰੀ ਰਾਜਾਂ ਤੋਂ ਖਰੀਦ ਕਰਕੇ ਟਰੈਕਟਰਾਂ-ਟਰਾਲੀਆਂ ਰਾਹੀਂ ਪੰਜਾਬ ਲਿਆਂਦਾ ਜਾ ਰਹੇ ਝੋਨੇ ਕਰਕੇ ਮੰਡੀ ਫੀਸ ਦੀ ਵੱਡੇ ਪੱਧਰ 'ਤੇ ਚੋਰੀ ਕੀਤੀ ਜਾ ਰਹੀ ਹੈ, ਜਿਸ ਕਰਕੇ ਮੰਡੀਕਰਨ ਬੋਰਡ ਨੂੰ ਚੂਨਾ ਲੱਗ ਰਿਹਾ ਹੈ, ਪਰ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ ਜਦੋਂ ਕਿ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਨਾਮ ਉੱਤੇ ਸ਼ੈਲਰ ਮਾਲਕਾਂ ਵੱਲੋਂ ਮਚਾਈ ਜਾ ਰਹੀ ਅੰਨੀ ਲੁੱਟ ਨੂੰ ਰੋਕਣ ਲਈ ਕਮਰ ਕੱਸੇ ਕਰ ਲਏ ਗਏ ਹਨ।

ਜ਼ਿਲ੍ਹੇ ਦੀ ਸਬ ਡਵੀਜ਼ਨ ਪਾਤੜਾਂ ਦੀ ਗੁਆਂਢੀ ਰਾਜ ਹਰਿਆਣਾ ਦੇ ਹੱਦ ਨਾਲ ਲੱਗਦੇ ਢਾਬੀ ਗੁੱਜਰਾਂ ਬਾਰਡਰ ਤੇ ਸੰਗਤਪੁਰਾ ਕੈਥਲ ਰੋਡ ਰਾਹੀਂ ਵੱਡੇ ਪੱਧਰ ਉੱਤੇ ਹਰਿਆਣਾ ਦੇ ਵੱਖ-ਵੱਖ ਇਲਾਕਿਆਂ ਤੋਂ ਇਲਾਵਾ ਯੂਪੀ ਤੱਕ ਦਾ ਝੋਨਾ ਪੰਜਾਬ ਆ ਰਿਹਾ ਹੈ, ਜਿਸ ਵਿੱਚੋਂ ਜ਼ਿਆਦਾਤਰ ਝੋਨਾ ਸ਼ੈਲਰ ਮਾਲਕਾਂ ਵੱਲੋਂ ਸਸਤੇ ਭਾਅ ਉੱਤੇ ਖਰੀਦ ਕੇ ਲਿਆਂਦਾ ਜਾ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਐਲਾਨੇ ਝੋਨੇ ਦਾ ਭਾਅ 2461 ਪ੍ਰਤੀ ਕੁਇੰਟਲ ਹੈ, ਜਦੋਂਕਿ ਹਰਿਆਣਾ ਵਿੱਚ ਝੋਨੇ ਦੀ ਨਮੀ ਤੇ ਐਪ ਰਾਹੀਂ ਰਜਿਸਟ੍ਰੇਸ਼ਨ ਲਾਜ਼ਮੀ ਕੀਤੇ ਜਾਣ ਕਾਰਨ ਹੋਈ ਸਖਤੀ ਦੇ ਚੱਲਦਿਆਂ ਝੋਨਾ 1800 ਤੋਂ 1900 ਰੁਪਏ ਪ੍ਰਤੀ ਕੁਇੰਟਲ ਵਿਕ ਰਿਹਾ ਹੈ। ਹਰਿਆਣਾ ਵਿੱਚ ਪ੍ਰਤੀ ਏਕੜ 27 ਕੁਇੰਟਲ ਤੱਕ ਝੋਨਾ ਹੀ ਰਜਿਸਟਰਡ ਕੀਤਾ ਜਾ ਰਿਹਾ ਹੈ।ਪੰਜਾਬ ਦੇ ਸਰਹੱਦੀ ਖੇਤਰ ਨਾਲ ਸੰਬੰਧਤ ਸ਼ੈਲਰ ਮਾਲਕਾਂ ਵੱਲੋਂ ਸਸਤੇ ਭਾਅ ਉੱਤੇ ਖਰੀਦਿਆ ਗਿਆ। ਇਹ ਝੋਨਾ ਟਰੈਕਟਰਾਂ-ਟਰਾਲੀਆਂ ਰਾਹੀਂ ਰਾਤ-ਬਰਾਤੇ ਚੋਰੀ ਸ਼ੈਲਰਾਂ ਵਿੱਚ ਲਿਆਂਦਾ ਜਾ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ, ਪ੍ਰੈਸ ਸਕੱਤਰ ਯੁਵਰਾਜ ਸਿੰਘ ਬਾਠ ਤੇ ਬਲਾਕ ਪਾਤੜਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਸ਼ੁਤਰਾਣਾ ਦੀ ਅਗਵਾਈ ਵਿੱਚ ਜਥੇਬੰਦੀ ਦੇ ਵਫਦ ਨੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਨੂੰ ਮੰਗ ਪੱਤਰ ਸੌਂਪਣ ਉਪਰੰਤ ਦੱਸਿਆ ਕਿ ਜਥੇਬੰਦੀ ਦੇ ਆਗੂਆਂ ਵੱਲੋਂ ਇੱਕੋ ਰਾਤ ਵਿੱਚ ਕਈ ਟਰਾਲੀਆਂ ਬਾਹਰੋਂ ਆ ਰਹੇ ਝੋਨੇ ਦੀਆਂ ਕਾਬੂ ਕੀਤੀਆਂ ਗਈਆਂ, ਜਿਨ੍ਹਾਂ ਨੂੰ ਲਿਆਉਣ ਵਾਲੇ ਲੋਕ ਆਪਣੇ ਆਪ ਨੂੰ ਕਿਸਾਨ ਦੱਸਦੇ ਹਨ, ਪਰ ਕੁਝ ਟਰਾਲੀਆਂ ਅਜਿਹੀਆਂ ਵੀ ਸਨ, ਜਿਨ੍ਹਾਂ ਨੂੰ ਸ਼ੈਲਰ ਮਾਲਕਾਂ ਬੰਦੇ ਖੁਦ ਲੈ ਕੇ ਆਉਂਦੇ ਪਾਏ ਗਏ ਹਨ।ਉਨ੍ਹਾਂ ਮੰਗ ਕੀਤੀ ਕਿ ਬਾਹਰੋਂ ਆ ਰਹੇ ਝੋਨੇ ਨੂੰ ਤੁਰੰਤ ਰੋਕਿਆ ਜਾਵੇ, ਕਿਉਂਕਿ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਜਾਰੀ ਕੀਤੀ ਗਈ। ਸੀਸੀ ਲਿਮਟ ਐਡਵਾਂਸ ਵਿੱਚ ਖਤਮ ਹੋ ਜਾਣ ਦੇ ਨਾਲ ਨਾਲ ਸ਼ੈਲਰ ਮਾਲਕਾਂ ਦਾ ਕੋਟਾ ਵੀ ਪੂਰਾ ਹੋ ਜਾਂਦਾ ਹੈ, ਜਿਸ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਆਪਣਾ ਝੋਨਾ ਸਸਤੇ ਭਾਅ ਉੱਤੇ ਪ੍ਰਾਈਵੇਟ ਖਰੀਦਦਾਰਾਂ ਨੂੰ ਵੇਚਣ ਕਾਰਨ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ।ਮਾਰਕੀਟ ਕਮੇਟੀ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਦੱਸਿਆ ਕਿ ਕਿਸਾਨ ਜਥੇਬੰਦੀ ਦੇ ਆਗੂਆਂ ਵੱਲੋਂ ਮਾਮਲਾ ਧਿਆਨ ਵਿੱਚ ਲਿਆਂਦਾ ਗਿਆ ਹੈ ਤੇ ਮਾਰਕੀਟ ਕਮੇਟੀ ਦੇ ਕ੍ਰਮਚਾਰੀਆਂ ਦੀ ਡਿਊਟੀ ਇਸ ਆ ਰਹੇ ਝੋਨੇ ਨੂੰ ਰੋਕਣ ਲਈ ਲਾ ਦਿੱਤੀ ਗਈ ਹੈ।ਤਾਇਨਾਤ ਕੀਤੇ ਗਏ ਕ੍ਰਮਚਾਰੀ ਦਿਨ-ਰਾਤ ਹੀ ਬਾਹਰੋਂ ਆਉਣ ਵਾਲੇ ਝੋਨੇ ਉੱਤੇ ਨਜ਼ਰ ਰੱਖਣਗੇ।

## ਬੀ ਕੇ ਯੂ ਏਕਤਾ ਉਗਰਾਹਾਂ ਨੇ ਸਾੜਿਆ ਭਗਵੰਤ ਮਾਨ ਦਾ ਪੁਤਲਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਪਰਵਿੰਦਰ ਸਿੰਘ ਝੋਟਾ ਦੇ ਕਾਤਲ ਅਸ਼ਵਨੀ ਕੁਮਾਰ ਨੂੰ ਫਾਂਸੀ ਦੀ ਸਜ਼ਾ ਤੇ ਉਸ ਦੇ ਸਹਯੋਗੀ ਪੁਲਸ ਅਧਿਕਾਰੀਆਂ ਤੇ ਕਾਤਲਾਂ ਦੇ ਸਰਪ੍ਰਤ ਸਿਆਸੀ ਆਗੂਆਂ ਨੂੰ ਸਖਤ ਸਜ਼ਾਵਾਂ ਦੇਣ ਲਈ ਪੰਜਾਬ ਬੰਦ ਦੇ ਸੱਦੇ ਦੀ ਪੂਰਨ ਹਮਾਇਤ ਕਰਦੇ ਹੋਏ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਮਾਰਚ ਕੀਤੇ ਗਏ ਮੋਗਾ ਨੇੜਲੇ ਪਿੰਡ ਚੜਿੱਕ ਤੇ ਸਿੰਘਾਂ ਵਾਲਾ, ਘੱਲਕਲਾਂ ਆਦਿ ਪਿੰਡਾਂ ਦੇ ਕਿਸਾਨਾਂ ਨੇ ਪਿੰਡਾਂ ਵਿੱਚ ਮੋਟਰ ਸਾਈਕਲ ਮਾਰਚ ਕਰਦੇ ਹੋਏ ਕੋਟਪੂਰਾ ਬਾਈਪਾਸ ਵਿਖੇ ਭਰਵੀਂ ਰੈਲੀ ਕੀਤੀ ਗਈ ਅਤੇ ਭਗਵੰਤ ਮਾਨ ਦਾ ਪੁਤਲਾ ਸਾੜਿਆ ਗਿਆ। ਅੱਜ ਦੇ ਇਸ ਮਾਰਚ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਤੇ ਡੀ.ਟੀ.ਐੱਫ. ਦੇ ਸਾਥੀ ਵੀ ਸ਼ਾਮਲ ਹੋਏ। ਵੱਖ ਵੱਖ ਥਾਵਾਂ 'ਤੇ ਮਾਰਚਾਂ ਦੌਰਾਨ ਜ਼ਿਲ੍ਹਾ ਆਗੂਆਂ ਅਮਰਜੀਤ ਸਿੰਘ ਸੈਦੋ ਜ਼ਿਲ੍ਹਾ ਪ੍ਰਧਾਨ, ਕੁਲਦੀਪ ਕੌਰ ਕੁੱਸਾ ਜ਼ਿਲ੍ਹਾ ਮੀਤ ਪ੍ਰਧਾਨ ਤੇ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲਕਲਾਂ ਨੇ ਕਿਹਾ ਕਿ ਸਾਡੀ ਜਥੇਬੰਦੀ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਮਾਨਸਾ ਦੇ ਇਸ ਨੌਜਵਾਨ ਪਰਵਿੰਦਰ ਝੋਟਾ ਦੇ ਕਤਲ ਦੀ ਸਖਤ ਸ਼ਬਦਾਂ ਵਿੱਚ ਨਖੇਧੀ ਕਰਦੀ ਹੈ ਤੇ ਪਰਵਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ। ਜਥੇਬੰਦੀ ਸਮਝਦੀ ਹੈ ਕਿ ਪੰਜਾਬ ਵਿੱਚ ਜੋ ਨਸ਼ਿਆਂ ਦਾ ਕਾਰੋਬਾਰ ਫੈਲਿਆ ਹੈ, ਇਸ ਲਈ ਸਰਕਾਰ, ਤਸਕਰ ਤੇ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ ਹੈ। ਅੱਜ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸੇ ਹੋਏ ਹਨ, ਨੌਜਵਾਨਾ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਲਈ ਲੋਕਾਂ ਨੂੰ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਪੰਜਾਬ ਦੀ ਨੌਜਵਾਨ ਪੀੜੀ ਦੇ ਭਵਿੱਖ ਨੂੰ ਬਚਾਉਣ ਲਈ ਸਾਰਿਆਂ ਨੂੰ ਅੱਗੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਧਰਨੇ ਨੂੰ ਉਪਰੋਕਤ ਤੋਂ ਬਿਨਾਂ ਡੀਟੀਐੱਫ ਦੇ ਸੂਬਾ ਪ੍ਰਧਾਨ ਦਿੱਗ ਵਿਜੇਪਾਲ ਸ਼ਰਮਾ, ਇਕਬਾਲ ਸਿੰਘ ਸਿੰਘਾਂ ਵਾਲਾ ਬਲਾਕ ਮੋਗਾ ਦੋ ਦੇ ਪ੍ਰਧਾਨ, ਲਖਬੀਰ ਸਿੰਘ ਚੜਿੱਕ, ਸੁਖਜੀਤ ਸਿੰਘ ਲੰਡੇ ਕੇ, ਜਸਵਿੰਦਰ ਸਿੰਘ ਘੱਲਕਲਾ, ਸੁਰਜੀਤ ਸਿੰਘ ਦੁਨੇਕੇ, ਗੁਰਮੇਲ ਸਿੰਘ ਰਤੀਆਂ, ਅਜੈਬ ਸਿੰਘ ਝੰਡੇ ਵਾਲਾ, ਇਕਬਾਲ ਸਿੰਘ ਕੋਕਰੀ ਕਲਾਂ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

## ਪਰੇਗਾਬਾਲਿਨ ਕੈਪਸੂਲ/ਗੋਲੀਆਂ ਦੀ ਦੁਰਵਰਤੋਂ 'ਤੇ ਰੋਕ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਡੈਵੀ ਗੋਇਲ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਹਦੂਦ ਅੰਦਰ ਪਰੇਗਾਬਾਲਿਨ ਕੈਪਸੂਲ/ ਗੋਲੀਆਂ ਨੂੰ ਬਿਨਾਂ ਲਾਇਸੰਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ, ਵੇਚਣ ਤੇ ਇਹ ਦਵਾਈ ਬਿਨਾਂ ਕਿਸੇ ਡਾਕਟਰੀ ਪਰਚੀ ਤੋਂ ਵਿਕਰੀ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਇਹ ਹੁਕਮ ਜ਼ਿਲ੍ਹੇ ਦੇ ਹਦੂਦ ਅੰਦਰ 15 ਦਸੰਬਰ 2026 ਤੱਕ ਲਾਗੂ ਰਹਿਣਗੇ।ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਕੈਫ਼ੇ 'ਚ ਨਿਹੰਗ ਸਿੰਘਾਂ ਵੱਲੋਂ ਹੰਗਾਮਾ, ਕੈਫ਼ੇ ਸੰਚਾਲਕ ਤੇ ਮੁਲਾਜ਼ਮ ਜ਼ਖ਼ਮੀ

**ਮਲੋਟ (ਰਜਿੰਦਰ ਜੁਨੇਜਾ)**-ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਖ਼ਿਲਾਫ਼ ਦਿੱਤੇ ਗਏ 'ਪੰਜਾਬ ਬੰਦ' ਦੇ ਸੱਦੇ ਦੌਰਾਨ ਸਬ ਡਵੀਜ਼ਨ ਦੀ ਮੰਡੀ ਕਿੱਲਿਆਂਵਾਲੀ ਵਿੱਚ ਇੱਕ ਨਿੱਜੀ ਹਸਪਤਾਲ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਕੈਫ਼ੇ ਵਿੱਚ ਭਾਰੀ ਹੰਗਾਮਾ ਹੋ ਗਿਆ।ਇਸ ਘਟਨਾ ਦੌਰਾਨ ਕੈਫ਼ੇ ਸੰਚਾਲਕ ਨਵਜੋਤ ਸਿੰਘ ਤੇ ਮੁਲਾਜ਼ਮ ਅਰਸ਼ਦੀਪ ਸਿੰਘ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਰਕਾਰੀ ਸਿਹਤ ਕੇਂਦਰ ਲੰਬੀ ਵਿਖੇ ਦਾਖ਼ਲ ਕਰਾਇਆ ਗਿਆ ਹੈ।ਕਰੀਬ ਦੋ ਦਰਜਨ ਨਿਹੰਗ ਸਿੰਘ ਤੇ ਕਿਸਾਨ ਕਾਰਕੁਨ ਬੰਦ ਦੇ ਸੱਦੇ ਤਹਿਤ ਦੁਕਾਨਾਂ ਬੰਦ ਕਰਾ ਰਹੇ ਸਨ।ਉਨ੍ਹਾਂ ਦੋਸ਼ ਲਾਇਆ ਕਿ ਕੈਬਿਨਾਂ ਵਿੱਚ ਲੜਕੇ-ਲੜਕੀਆਂ ਮੌਜੂਦ ਸਨ ਤੇ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਕਮਰਾ ਖੁੱਲ੍ਹਵਾਇਆ ਗਿਆ।ਉਨ੍ਹਾਂ ਅਨੁਸਾਰ ਭੱਜਣ ਦੀ ਕੋਸ਼ਿਸ਼ ਦੌਰਾਨ ਇੱਕ ਨੌਜਵਾਨ ਤਿਲਕ ਕੇ ਪਿੱਲਰ ਨਾਲ ਟਕਰਾਉਣ ਕਾਰਨ ਜ਼ਖ਼ਮੀ ਹੋਇਆ।ਨਿਹੰਗ ਸਿੰਘਾਂ ਨੇ ਕੈਫ਼ੇ ਬੰਦ ਕਰਾਉਣ ਲਈ ਥਾਣਾ ਕਿੱਲਿਆਂਵਾਲੀ ਵਿਖੇ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ।ਦੂਜੇ ਪਾਸੇ ਜ਼ਖ਼ਮੀ ਕੈਫ਼ੇ ਸੰਚਾਲਕ ਨਵਜੋਤ ਸਿੰਘ ਤੇ ਮੁਲਾਜ਼ਮ ਅਰਸ਼ਦੀਪ ਸਿੰਘ ਨੇ ਇਤਰਾਜ਼ਯੋਗ ਗਤੀਵਿਧੀਆਂ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ।ਉਨ੍ਹਾਂ ਦੱਸਿਆ ਕਿ ਕੈਫ਼ੇ ਵਿੱਚ ਆਮ ਗਾਹਕ ਖਾਣਾ ਖਾ ਰਹੇ ਸਨ।ਉਨ੍ਹਾਂ ਦੋਸ਼ ਲਾਇਆ ਕਿ ਨਿਹੰਗ ਸਿੰਘਾਂ ਨੇ ਅੰਦਰ ਦਾਖ਼ਲ ਹੁੰਦਿਆਂ ਹੀ ਸ਼ਟਰ ਬੰਦ ਕਰ ਦਿੱਤਾ ਤੇ ਡੰਡਿਆਂ ਨਾਲ ਉਨ੍ਹਾਂ ਦੀ ਕੁੱਟਮਾਰ ਕੀਤੀ, ਜਿਸ ਕਾਰਨ ਉਨ੍ਹਾਂ ਦੇ ਸਿਰ ਤੇ ਨੱਕ 'ਤੇ ਗੰਭੀਰ ਸੱਟਾਂ ਲੱਗੀਆਂ ਹਨ।ਥਾਣਾ ਕਿੱਲਿਆਂਵਾਲੀ ਦੀ ਮੁਖੀ ਕਰਮਜੀਤ ਕੌਰ ਨੇ ਦੱਸਿਆ ਕਿ ਮੌਕੇ ਦੀ ਪੜਤਾਲ ਦੌਰਾਨ ਕੈਫ਼ੇ 'ਚ ਕੋਈ ਵੀ ਇਤਰਾਜ਼ਯੋਗ ਗਤੀਵਿਧੀ ਸਾਹਮਣੇ ਨਹੀਂ ਆਈ।ਉਨ੍ਹਾਂ ਸਪੱਸ਼ਟ ਕੀਤਾ ਕਿ ਟੇਬਲਾਂ ਅੱਗੇ ਸਿਰਫ਼ ਪਰਦੇ ਲੱਗੇ ਹੋਏ ਸਨ, ਇੱਕ ਐੱਨ.ਸੀ.ਸੀ. ਵਿਦਿਆਰਥਣ ਖਾਣਾ ਪੈਕ ਕਰਵਾ ਰਹੀ ਸੀ ਤੇ ਇੱਕ ਹੋਰ ਲੜਕੀ ਆਪਣੇ ਮੰਗੇਤਰ ਨਾਲ ਮੌਜੂਦ ਸੀ।ਪੁਲਸ ਨੇ ਦੋ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਹੈ ਤੇ ਮਾਮਲੇ ਦੀ ਜਾਂਚ ਜਾਰੀ ਹੈ।

## ਪਰਵਿੰਦਰ ਝੋਟਾ ਦੇ ਕਤਲ ਮਾਮਲੇ ਨੂੰ ਲੈ ਕੇ ਕੈਂਡਲ ਮਾਰਚ



**ਭਵਾਨੀਗੜ੍ਹ (ਰਾਜ ਖੁਰਮੀ)**-ਮਾਨਸਾ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਨੂੰ ਲੈ ਕੇ ਪੰਜਾਬ ਵਿੱਚ ਉੱਠ ਰਹੇ ਰੋਸ ਦੇ ਸੁਰਾਂ ਦਰਮਿਆਨ ਭਵਾਨੀਗੜ੍ਹ ਦੀ ਅਨਾਜ ਮੰਡੀ ਤੋਂ ਯੂਥ ਕਾਂਗਰਸ ਦੇ ਜ਼ਿਲ੍ਹਾ ਵਾਈਸ ਪ੍ਰਧਾਨ ਕੁਲਜੀਤ ਸਿੰਘ ਪੰਨਵਾਂ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਵਰਿੰਦਰ ਪੰਨਵਾਂ ਦੀ ਅਗਵਾਈ ਹੇਠ ਨੌਜਵਾਨਾਂ ਦੇ ਸਹਿਯੋਗ ਨਾਲ ਕੈਂਡਲ ਤੇ ਰੋਸ ਮਾਰਚ ਕੱਢਿਆ ਗਿਆ।ਇਸ ਦੌਰਾਨ ਨੌਜਵਾਨਾਂ ਨੇ ਪਰਵਿੰਦਰ ਸਿੰਘ ਝੋਟਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਪ੍ਰਤੀ ਆਪਣਾ ਰੋਸ ਪ੍ਰਗਟ ਕੀਤਾ।ਮਾਰਚ ਦੌਰਾਨ ਸ਼ਾਮਲ ਨੌਜਵਾਨਾਂ ਨੇ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਤੇ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਉਣ ਦੀ ਮੰਗ ਉਠਾਈ।ਇਸ ਮੌਕੇ ਵਰਿੰਦਰ ਪੰਨਵਾਂ ਤੇ ਕੁਲਜੀਤ ਸਿੰਘ ਪੰਨਵਾਂ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਪੰਜਾਬ ਦਾ ਪੁੱਤਰ ਸੀ ਤੇ ਉਸ ਦੇ ਕਤਲ ਦੀ ਘਟਨਾ ਨੇ ਲੋਕਾਂ ਦੇ ਮਨਾਂ ਵਿੱਚ ਰੋਸ ਪੈਦਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਸ ਦੁਖਦਾਈ ਘਟਨਾ ਦੇ ਵਿਰੋਧ ਤੇ ਮ੍ਰਿਤਕ ਨੂੰ ਸ਼ਰਧਾਂਜਲੀ ਦੇਣ ਦੇ ਮਕਸਦ ਨਾਲ ਇਹ ਕੈਂਡਲ ਮਾਰਚ ਕੱਢਿਆ ਗਿਆ ਹੈ।ਉਨ੍ਹਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਲੋਕਾਂ ਦੀਆਂ ਉਮੀਦਾਂ ਅਨੁਸਾਰ ਅਜਿਹੇ ਗੰਭੀਰ ਮਾਮਲਿਆਂ ਵਿੱਚ ਕਾਰਵਾਈ ਹੋਣੀ ਚਾਹੀਦੀ ਹੈ।ਇਸ ਰੋਸ ਮਾਰਚ ਰਾਹੀਂ ਸ਼ਾਮਲ ਨੌਜਵਾਨਾਂ ਨੇ ਮੰਗ ਕੀਤੀ ਕਿ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਪੀੜਤ ਪਰਵਾਰ ਨੂੰ ਇਨਸਾਫ਼ ਮਿਲ ਸਕੇ।

## ਸ.ਫ਼ਾਈ ਸੇਵਕਾਂ ਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਦੀ ਪ੍ਰਕਿਰਿਆ ਦੀਵਾਲੀ ਤੋਂ ਪਹਿਲਾਂ ਪੂਰੀ ਕੀਤੀ ਜਾਵੇ : ਦੁੱਗਲ, ਸ਼ੁਕਲਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਤੇ ਵਾਰਡ ਨੰਬਰ 60 ਦੇ ਕੌਂਸਲਰ ਸ੍ਰੀ ਨਰੇਸ਼ ਕੁਮਾਰ ਦੁੱਗਲ ਤੇ ਵਾਰਡ ਨੰਬਰ 2 ਦੇ ਕੌਂਸਲਰ ਅਤੇ ਬਲਾਕ ਪ੍ਰਧਾਨ ਤ੍ਰਿਪੜੀ ਐਡਵੋਕੇਟ ਹਰਵਿੰਦਰ ਸ਼ੁਕਲਾ ਨੇ ਨਗਰ ਨਿਗਮ ਪਟਿਆਲਾ ਵਿੱਚ ਕੰਮ ਕਰ ਰਹੇ ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਦੀ ਪ੍ਰਕਿਰਿਆ ਜਲਦ ਤੋਂ ਜਲਦ ਪੂਰੀ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਂਗਰਸ ਸਰਕਾਰ ਦੇ ਸਮੇਂ ਦਸੰਬਰ 2021 ਵਿੱਚ ਸ੍ਰੀ ਬ੍ਰਹਮ ਮਹਿੰਦਰਾ ਜੀ ਲੋਕਲ ਬਾਡੀ ਕੈਬਨਿਟ ਮੰਤਰੀ ਸਨ, ਉਸ ਸਮੇਂ ਇਹ ਨੀਤੀ ਬਣਾਈ ਗਈ ਸੀ, ਜਿਸ ਤਹਿਤ ਠੇਕੇ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਤੇ ਆਊਟਸੋਰਸਿੰਗ ਰਾਹੀਂ ਕੰਮ ਕਰਦੇ ਕਰਮਚਾਰੀਆਂ ਨੂੰ ਕੰਟਰੈਕਟ 'ਤੇ ਲਿਆਉਣ ਦਾ ਪ੍ਰਬੰਧ ਕੀਤਾ ਗਿਆ ਸੀ।ਸ੍ਰੀ ਦੁੱਗਲ ਨੇ ਦੱਸਿਆ ਕਿ ਉਸ ਸਮੇਂ ਸਫ਼ਾਈ ਸੇਵਕਾਂ ਦੀ ਗਿਣਤੀ 359 ਸੀ, ਜੋ ਹੁਣ ਘਟ ਕੇ 337 ਰਹਿ ਗਈ ਹੈ।ਇਸੇ ਤਰ੍ਹਾਂ 119 ਸੀਵਰਮੈਨਾਂ ਵਿੱਚੋਂ ਹੁਣ ਸਿਰਫ਼ 99 ਹੀ ਰਹਿ ਗਏ ਹਨ।ਉਨ੍ਹਾਂ ਕਿਹਾ ਕਿ ਇਹ ਕਰਮਚਾਰੀ ਲੰਬੇ ਸਮੇਂ ਤੋਂ ਸ਼ਹਿਰ ਦੀ ਸਫ਼ਾਈ ਤੇ ਸੀਵਰੇਜ ਪ੍ਰਬੰਧ ਨੂੰ ਸੁਚਾਰੂ ਬਣਾਈ ਰੱਖਣ ਲਈ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਨਗਰ ਨਿਗਮ ਪਟਿਆਲਾ ਦੇ ਹਾਊਸ ਵੱਲੋਂ ਉਸ ਸਮੇਂ ਸ੍ਰੀ ਬ੍ਰਹਮ ਮਹਿੰਦਰਾ ਪੰਜਾਬ ਸਰਕਾਰ ਵਿੱਚ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਦੇ ਆਦੇਸ਼ਾਂ 'ਤੇ ਇਸ ਨੀਤੀ ਨੂੰ ਲਾਗੂ ਕਰਨ ਬਾਰੇ ਮਤਾ ਪਾਸ ਕਰ ਦਿੱਤਾ ਸੀ।ਸ੍ਰੀ ਦੁੱਗਲ ਨੇ ਕਿਹਾ ਕਿ ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਕਾਂਗਰਸ ਸਰਕਾਰ ਵੱਲੋਂ ਬਣਾਈ ਗਈ ਇਹ ਨੀਤੀ ਇੱਕ ਮਹੱਤਵਪੂਰਨ ਪਹਿਲ ਸੀ।ਸ੍ਰੀ ਦੁੱਗਲ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਕਾਂਗਰਸ ਪਾਰਟੀ ਨੇ ਇਨ੍ਹਾਂ ਕਰਮਚਾਰੀਆਂ ਦੇ ਹੱਕ ਵਿੱਚ ਜੋ ਬੂਟਾ ਲਾਇਆ ਸੀ, ਅੱਜ ਉਸ ਨੂੰ ਫਲ ਲੱਗਣ ਦਾ ਸਮਾਂ ਆ ਗਿਆ ਹੈ।ਅਸੀਂ ਕਾਂਗਰਸ ਸਰਕਾਰ ਦੇ ਸਮੇਂ ਬਣਾਈ ਗਈ ਇਸ ਨੀਤੀ ਦੇ ਤਹਿਤ ਸਥਾਈ ਸੇਵਕਾਂ ਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਦੇ ਮਤੇ ਦਾ ਸਵਾਗਤ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਸ ਨੂੰ ਜਲਦ ਅਮਲੀ ਰੂਪ ਦਿੱਤਾ ਜਾਵੇਗਾ, ਤਾਂ ਜੋ ਕਰਮਚਾਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ।ਅੰਤ ਵਿੱਚ ਸ੍ਰੀ ਦੁੱਗਲ ਤੇ ਐਡਵੋਕੇਟ ਸ਼ੁਕਲਾ ਨੇ ਨਗਰ ਨਿਗਮ ਪ੍ਰਸ਼ਾਸਨ ਤੇ ਸਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਇਸ ਨੀਤੀ ਨੂੰ ਲਾਗੂ ਕਰਨ ਤੇ ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਸਬੰਧੀ ਲੋੜੀਂਦੀ ਪ੍ਰਕਿਰਿਆ ਦੀਵਾਲੀ ਤੋਂ ਪਹਿਲਾਂ ਜਲਦ ਤੋਂ ਜਲਦ ਪੂਰੀ ਕੀਤੀ ਜਾਵੇ, ਤਾਂ ਜੋ ਇਨ੍ਹਾਂ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਰੁਜ਼ਗਾਰ ਦੀ ਸੁਰੱਖਿਆ ਤੇ ਆਰਥਿਕ ਸਥਿਰਤਾ ਮਿਲ ਸਕੇ।

## ਪੀ ਆਰ ਟੀ ਸੀ ਤੇ ਪਨਬਸ ਕਾਮਿਆਂ ਵੱਲੋਂ ਚੱਕਾ ਜਾਮ ਦੀ ਚਿਤਾਵਨੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿੱਤ ਤੇ ਟਰਾਂਸਪੋਰਟ ਮੰਤਰੀ ਨਾਲ ਹੋਈ ਮੀਟਿੰਗ 'ਚ 14 ਅਕਤੂਬਰ ਤੱਕ ਮੰਗਾਂ ਦਾ ਹੱਲ ਨਾ ਨਿਕਲਣ ਦੇ ਰੋਸ ਵਜੋਂ ਪੰਜਾਬ ਰੋਡਵੇਜ਼, ਪਨਬੱਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸਮੂਹ ਡਿੱਪੂਆਂ ਦੇ ਗੇਟਾਂ 'ਤੇ ਗੇਟ ਰੈਲੀਆਂ ਕਰਕੇ ਰੋਸ ਪ੍ਰਦਰਸ਼ਨ ਕਰਦਿਆਂ ਐਲਾਨ ਕੀਤਾ ਹੈ ਕਿ 21 ਅਕਤੂਬਰ ਤੋਂ ਬੱਸਾਂ ਦਾ ਚੱਕਾ ਜਾਮ ਕਰਕੇ ਮੁਕੰਮਲ ਹੜਤਾਲ ਕੀਤੀ ਜਾਵੇਗੀ ਤੇ ਵਿਧਾਨ ਸਭਾ ਦਾ ਘਿਰਾਓ ਕਰਨ ਸਮੇਤ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੱਕਾ ਧਰਨਾ ਲਾਇਆ ਜਾਵੇਗਾ।ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ ਕੋਈ ਵੀ ਮੁਲਾਜ਼ਮ ਟਰਾਂਸਪੋਰਟ ਵਿਭਾਗ 'ਚ ਪੱਕਾ ਨਹੀਂ ਕੀਤਾ ਹੈ ਤੇ ਨਾ ਹੀ ਕੋਈ ਸਰਕਾਰੀ ਬੱਸ ਵਿਭਾਗ 'ਚ ਪਾਈ ਹੈ, ਸਗੋਂ ਚਹੇਤਿਆਂ ਨੂੰ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਵਾ ਕੇ ਵਿਭਾਗ ਦੀ ਲੁੱਟ ਕਰਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਨਾਲ ਮੰਗਾਂ ਸਬੰਧੀ ਹੁਣ ਤੱਕ ਲਗਭਗ 70 ਤੋਂ 75 ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਕੋਈ ਹੱਲ ਨਹੀਂ ਕੱਢਿਆ ਗਿਆ, ਜਿਸ ਦੇ ਰੋਸ ਵਜੋਂ ਅੱਜ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕਰਕੇ ਰੋਸ ਜ਼ਾਹਰ ਕੀਤਾ ਗਿਆ ਹੈ।ਸੈਕਟਰੀ ਜਸਦੀਪ ਸਿੰਘ ਲਾਲੀ ਤੇ ਵਰਕਸ਼ਾਪ ਪ੍ਰਧਾਨ ਹਰਜਿੰਦਰ ਸਿੰਘ ਗੋਰਾ ਨੇ ਦੱਸਿਆ ਕਿ ਯੂਨੀਅਨ ਨੇ ਐਲਾਨ ਕੀਤਾ ਹੈ ਕਿ ਸਰਕਾਰ ਦੇ ਸ਼ੋਸ਼ਣ ਵਿਰੁੱਧ 21 ਅਕਤੂਬਰ ਤੋਂ ਮੁਕੰਮਲ ਹੜਤਾਲ ਕਰਕੇ ਵਿਧਾਨ ਸਭਾ ਸੈਸ਼ਨ ਦਾ ਘਿਰਾਓ ਕਰਕੇ ਪੰਜਾਬ ਨਾਲ ਕੀਤੇ ਵਾਅਦੇ ਤੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ ਜਾਵੇਗੀ ਤੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ।

# ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਸ.ਫਲਤਾਪੂਰਵਕ ਸੰਪੰਨ

### ਜੇਤੂਆਂ ਨੂੰ ਤਮਗੇ ਤੇ ਨਕਦ ਇਨਾਮ ਦੇ ਕੇ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਐੱਨ ਐੱਸ ਐੱਨ ਆਈ ਐੱਸ ਵੈਲੋਡਰੋਮ, ਪਟਿਆਲਾ ਵਿਖੇ ਕਰਵਾਈ ਗਈ ਦੋ ਰੋਜ਼ਾ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਸਫ਼ਲਤਾਪੂਰਵਕ ਸੰਪੰਨ ਹੋਈ।ਲੀਗ ਦੇ ਦੂਜੇ ਤੇ ਆਖ਼ਰੀ ਦਿਨ ਕੇਰਿਨ ਤੇ ਸਕ੍ਰੈਚ ਰੇਸ ਦੇ ਰੋਮਾਂਚਕ ਮੁਕਾਬਲਿਆਂ ਵਿੱਚ ਖਿਡਾਰਨਾਂ ਨੇ ਆਪਣੀ ਰਫ਼ਤਾਰ, ਤਕਨੀਕੀ ਮੁਹਾਰਤ ਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ।ਸਮਾਪਤੀ ਦਿਨ ਦੇ ਮੁਕਾਬਲੇ ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ।ਉਨ੍ਹਾਂ ਜੇਤੂ ਖਿਡਾਰਨਾਂ ਨੂੰ ਤਮਗੇ ਤੇ ਨਕਦ ਇਨਾਮ ਭੇਟ ਕਰਕੇ ਸਨਮਾਨਤ ਕੀਤਾ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਬੀ.ਐੱਸ.ਐੱਨ.ਐੱਲ. ਪਟਿਆਲਾ ਦੇ ਪ੍ਰਿੰਸੀਪਲ, ਜਨਰਲ ਮੈਨੇਜਰ ਪਟਿਆਲਾ ਸੁਖਵੀਰ ਸਿੰਘ ਨੇ ਵੀ ਸ਼ਿਰਕਤ ਕਰ ਕੇ ਸਮਾਗਮ ਦੀ ਸ਼ੋਭਾ ਵਧਾਈ ਤੇ ਖਿਡਾਰਨਾਂ ਦਾ ਹੌਸਲਾ ਵਧਾਇਆ।ਦੂਜੇ ਦਿਨ ਦੇ ਨਤੀਜਿਆਂ ਅਨੁਸਾਰ ਜੂਨੀਅਰ ਲੜਕੀਆਂ ਦੀ ਕੇਰਿਨ ਰੇਸ ਵਿੱਚ ਪੰਜਾਬ ਦੀ ਅੰਜਲੀ ਜਾਖੜ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਪੰਜਾਬ ਦੀ ਹੀ ਤਰਨਵੀਰ ਕੌਰ ਦੂਜੇ ਤੇ ਹਰਿਆਣਾ ਦੀ ਮਨਪ੍ਰੀਤ ਤੀਜੇ ਸਥਾਨ 'ਤੇ ਰਹੀ।ਸਕ੍ਰੈਚ ਰੇਸ ਵਿੱਚ ਪੰਜਾਬ ਦੀ ਪ੍ਰੀਤੀ ਸ਼ਾਹ ਨੇ ਪਹਿਲਾ, ਜਦਕਿ ਹਰਿਆਣਾ ਦੀ ਪ੍ਰਿਯੰਕਾ ਨੇ ਦੂਜਾ ਤੇ ਦੀਕਸ਼ਾ ਨੇ ਤੀਜਾ ਸਥਾਨ ਹਾਸਲ ਕੀਤਾ।ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ ਨੇ ਵਿਦੇਸ਼ ਤੋਂ ਭੇਜੇ ਆਪਣੇ ਸੰਦੇਸ਼ ਵਿੱਚ ਲੀਗ ਦੇ ਸਫ਼ਲ ਆਯੋਜਨ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਸਾਰੀਆਂ ਭਾਗੀਦਾਰ ਖਿਡਾਰਨਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।ਉਨ੍ਹਾਂ ਆਪਣੇ ਸੰਦੇਸ਼ ਵਿੱਚ ਮਹਿਲਾ ਸਾਈਕਲਿੰਗ ਨੂੰ ਉਤਸ਼ਾਹਤ ਕਰਨ ਤੇ ਉੱਭਰਦੀਆਂ ਖਿਡਾਰਨਾਂ ਨੂੰ ਮੁਕਾਬਲਿਆਂ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ।ਐਸੋਸੀਏਸ਼ਨ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਅਸਮਿਤਾ ਮਹਿਲਾ ਸਾਈਕਲਿੰਗ ਜ਼ੋਨਲ ਟਰੈਕ ਲੀਗ ਨੇ ਖਿਡਾਰਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ, ਮੁਕਾਬਲਿਆਂ ਦਾ ਤਜਰਬਾ ਹਾਸਲ ਕਰਨ ਤੇ ਆਪਣੇ ਪ੍ਰਦਰਸ਼ਨ ਨੂੰ ਹੋਰ ਨਿਖਾਰਨ ਲਈ ਅਹਿਮ ਮੰਚ ਪ੍ਰਦਾਨ ਕੀਤਾ ਹੈ। ਉਨ੍ਹਾਂ ਜੇਤੂਆਂ ਨੂੰ ਵਧਾਈ ਦਿੰਦਿਆਂ ਸਾਰੀਆਂ ਭਾਗੀਦਾਰ ਖਿਡਾਰਨਾਂ ਨੂੰ ਨਿਰੰਤਰ ਅਭਿਆਸ ਕਰਨ ਅਤੇ ਆਪਣੇ ਟੀਚਿਆਂ ਪ੍ਰਤੀ ਸਮਰਪਿਤ ਰਹਿਣ ਲਈ ਪ੍ਰੇਰਿਆ।ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਨੇ ਖਿਡਾਰਨਾਂ ਦੀ ਮਿਹਨਤ ਤੇ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਤਕਨੀਕੀ ਮੁਹਾਰਤ, ਸਰੀਰਕ ਤੰਦਰੁਸਤੀ ਤੇ ਅਨੁਸ਼ਾਸਨ ਵੱਲ ਨਿਰੰਤਰ ਧਿਆਨ ਦੇਣ ਲਈ ਉਤਸ਼ਾਹਤ ਕੀਤਾ।ਇਸ ਮੌਕੇ ਸਾਈਕਲਿੰਗ ਐਸੋਸੀਏਸ਼ਨ ਪੰਜਾਬ ਦੇ ਟਰੈਜ਼ਰਾਰ ਬੀ ਐੱਸ ਸੂਦਨ, ਕੌਮਾਂਤਰੀ ਸਾਈਕਲਿਸਟ ਤੇ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਸੰਯੁਕਤ ਸਕੱਤਰ ਸਤਵਿੰਦਰ ਸਿੰਘ, ਵਾਈਸ ਪ੍ਰਧਾਨ ਐੱਸ. ਪੀ. ਸਿੰਘ, ਸਪੋਰਟਸ ਪ੍ਰਮੋਟਰ ਗੁਰਵਿੰਦਰ ਸਿੰਘ ਬੀ.ਈ.ਈ., ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਸੰਗਰੂਰ ਦੇ ਸੀਨੀਅਰ ਅਹੁਦੇਦਾਰ ਕੁਲਦੀਪ ਸਿੰਘ, ਕੌਮਾਂਤਰੀ ਸਾਈਕਲਿਸਟ ਗੁਰਬਾਜ ਸਿੰਘ, ਨੀਰਜ ਸਾਹਨੀ ਤੇ ਮੁਨੀਸ਼ ਸਾਹਨੀ, ਰਾਜਵਿੰਦਰ ਕੌਰ, ਵੀ. ਸ਼ਰੇਨੂ ਕੁਮਾਰ, ਗੁਰਪ੍ਰੀਤ ਕੌਰ, ਐੱਨ ਆਈ ਐੱਸ ਦੇ ਚੀਫ ਕੋਚ ਸ੍ਰੀ ਜੋਗਿੰਦਰ ਸਮੇਤ ਵੱਖ-ਵੱਖ ਪ੍ਰਬੰਧਕ ਤੇ ਅਹੁਦੇਦਾਰ ਅਤੇ ਵੱਡੀ ਗਿਣਤੀ ਖਿਡਾਰੀ ਹਾਜ਼ਰ ਸਨ।

## ਕਰਨ ਗਿਰ ਨੇ ਤਾਈਕਵਾਂਡੋ ਚੈਂਪੀਅਨਸ਼ਿਪ 'ਚ ਜਿੱਤਿਆ ਤਮਗਾ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁੱਥਮੜਾ, ਦੇਵੀਗੜ੍ਹ ਦੇ ਵਿਦਿਆਰਥੀ ਕਰਨ ਗਿਰ ਨੇ 70ਵੀਆਂ ਸਕੂਲ ਖੇਡਾਂ ਦੀ ਰਾਜ ਪੱਧਰੀ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦਾ ਤਮਗਾ ਜਿੱਤ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਹ ਚੈਂਪੀਅਨਸ਼ਿਪ ਲੁਧਿਆਣਾ ਵਿਖੇ ਕਰਵਾਈ ਗਈ।ਇਸ ਮੌਕੇ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਨੇ ਕਰਨ ਗਿਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੇਡਾਂ ਦੇ ਖੇਤਰ ਵਿੱਚ ਪ੍ਰਾਪਤ ਕੀਤੀਆਂ ਜਾ ਰਹੀਆਂ ਸਫ਼ਲਤਾਵਾਂ ਮਾਣ ਵਾਲੀ ਗੱਲ ਹਨ ਅਤੇ ਇਹ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ।ਸਕੂਲ ਦੇ ਕੋਚ ਸ੍ਰੀ ਹਰਦੀਪ ਕੁਮਾਰ ਨੇ ਵੀ ਕਰਨ ਗਿਰ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਉਸ ਨੂੰ ਭਵਿੱਖ ਵਿੱਚ ਹੋਰ ਮੱਲਾਂ ਮਾਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਜਪਹਰ ਵੈੱਲਫੇਅਰ ਸੁਸਾਇਟੀ ਨੇ 5 ਧੀਆਂ ਦੇ ਵਿਆਹ ਕਰਵਾਏ

### ਲੋੜਵੰਦ ਪਰਵਾਰਾਂ ਦੀ ਮਦਦ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ : ਡਾ. ਜਵੰਧਾ



**ਭਵਾਨੀਗੜ੍ਹ (ਰਾਜ ਖੁਰਮੀ)**-ਸਮਾਜ ਵਿੱਚ ਲੋੜਵੰਦ ਪਰਵਾਰਾਂ ਦੀ ਬਾਂਹ ਫੜਨਾ ਤੇ ਧੀਆਂ ਦੇ ਵਿਆਹ ਮੌਕੇ ਉਨ੍ਹਾਂ ਦੇ ਸਿਰੋਂ ਆਰਥਿਕ ਬੋਝ ਘਟਾਉਣਾ ਮਨੁੱਖਤਾ ਦੀ ਸੇਵਾ ਦਾ ਅਹਿਮ ਹਿੱਸਾ ਹੈ।ਇਸੇ ਭਾਵਨਾ ਤਹਿਤ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਦੇ ਉਪਰਾਲੇ ਸਦਕਾ ਜਪਹਰ ਵੈੱਲਫੇਅਰ ਸੁਸਾਇਟੀ ਵੱਲੋਂ ਗੁਰਦੁਆਰਾ ਜੋਤੀ ਸਰ ਸਾਹਿਬ ਸੰਗਰੂਰ ਵਿਖੇ ਪੰਜ ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਕਰਵਾਏ ਗਏ।ਇਸ ਮੌਕੇ ਧਾਰਮਿਕ ਮਰਿਆਦਾ ਅਨੁਸਾਰ ਅਨੰਦ ਕਾਰਜ ਕਰਵਾਉਣ ਉਪਰੰਤ ਨਵ-ਵਿਆਹੇ ਜੋੜਿਆਂ ਨੂੰ ਘਰੇਲੂ ਵਰਤੋਂ ਦਾ ਜ਼ਰੂਰੀ ਸਾਮਾਨ ਵੀ ਭੇਟ ਕੀਤਾ ਗਿਆ, ਤਾਂ ਜੋ ਉਹ ਆਪਣੇ ਨਵੇਂ ਜੀਵਨ ਦੀ ਸ਼ੁਰੂਆਤ ਸੁਚੱਜੇ ਢੰਗ ਨਾਲ ਕਰ ਸਕਣ।ਸਮਾਗਮ ਦੌਰਾਨ ਅਨੰਦ ਕਾਰਜ ਦੀਆਂ ਰਸਮਾਂ ਪੂਰੀਆਂ ਹੋਣ ਉਪਰੰਤ ਡਾ. ਮਿੰਕੂ ਜਵੰਧਾ ਨੇ ਨਵ-ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਦੇ ਸੁਖੀ ਵਿਆਹੁਤਾ ਜੀਵਨ ਦੀ ਕਾਮਨਾ ਕੀਤੀ। ਇਸ ਮੌਕੇ ਸ਼ਗਨ ਵਜੋਂ ਜੋੜਿਆਂ ਨੂੰ ਬੈੱਡ, ਅਲਮਾਰੀ, ਪੇਟੀ, ਗੱਦੇ, ਟੇਬਲ, ਕੁਰਸੀਆਂ, ਬਰਤਨ, ਕੱਪੜੇ ਤੇ ਹੋਰ ਲੋੜੀਂਦਾ ਘਰੇਲੂ ਸਾਮਾਨ ਭੇਟ ਕੀਤਾ ਗਿਆ।ਇਸ ਮੌਕੇ ਡਾ. ਮਿੰਕੂ ਜਵੰਧਾ ਨੇ ਕਿਹਾ ਕਿ ਲੋੜਵੰਦ ਪਰਵਾਰਾਂ ਦੀ ਸਹਾਇਤਾ ਕਰਨਾ ਸਮਾਜ ਦੇ ਹਰ ਸਮਰੱਥ ਵਿਅਕਤੀ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਧੀਆਂ ਦੇ ਵਿਆਹ ਮੌਕੇ ਕਈ ਪਰਵਾਰਾਂ ਨੂੰ ਆਰਥਿਕ ਤੰਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਅਜਿਹੇ ਸਮੇਂ ਜੇਕਰ ਸਮਾਜਿਕ ਸੰਸਥਾਵਾਂ ਤੇ ਹੋਰ ਸਮਰੱਥ ਲੋਕ ਸਹਿਯੋਗ ਦੇਣ ਤਾਂ ਪਰਵਾਰਾਂ ਦਾ ਬੋਝ ਘਟਾਇਆ ਜਾ ਸਕਦਾ ਹੈ।ਜਪਹਰ ਵੈੱਲਫੇਅਰ ਸੁਸਾਇਟੀ ਇਸੇ ਸੋਚ ਨਾਲ ਸਮਾਜ ਭਲਾਈ ਦੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ ਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਲਈ ਵਚਨਬੱਧ ਹੈ।

## ਸੁਸ਼ੀਲ ਗਰੋਵਰ ਮੁੜ ਬਣੇ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ



**ਮਲੋਟ (ਰਜਿੰਦਰ ਜੁਨੇਜਾ)**-ਭਾਜਪਾ ਦੇ ਸੀਨੀਅਰ ਤੇ ਚਰਚਿਤ ਆਗੂ ਸੁਸ਼ੀਲ ਗਰੋਵਰ ਨੂੰ ਪਾਰਟੀ ਹਾਈਕਮਾਂਡ ਵੱਲੋਂ ਇੱਕ ਵਾਰ ਫਿਰ ਸੂਬਾ ਕਾਰਜਕਾਰਨੀ ਮੈਂਬਰ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਦੀ ਇਸ ਨਿਯੁਕਤੀ ਨਾਲ ਇਲਾਕੇ ਦੇ ਪਾਰਟੀ ਵਰਕਰਾਂ ਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਸ੍ਰੀ ਗਰੋਵਰ ਇੱਕ ਪ੍ਰਭਾਵਸ਼ਾਲੀ ਬੁਲਾਰੇ ਹੋਣ ਦੇ ਨਾਲ-ਨਾਲ ਸਰਗਰਮ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਹਨ।ਮਲੋਟ ਹਲਕੇ ਅੰਦਰ ਆਮ ਲੋਕਾਂ ਵਿੱਚ ਉਨ੍ਹਾਂ ਦਾ ਚੰਗਾ ਅਸਰ-ਰਸੂਖ਼ ਹੈ ਤੇ ਖ਼ਾਸ ਤੌਰ 'ਤੇ ਕੈਂਪ ਬਰਾਦਰੀ ਦੀਆਂ ਵੋਟਾਂ 'ਤੇ ਉਨ੍ਹਾਂ ਦੀ ਬਹੁਤ ਮਜ਼ਬੂਤ ਪਕੜ ਮੰਨੀ ਜਾਂਦੀ ਹੈ। ਮਿੱਠ-ਬੋਲੜੇ ਸੁਭਾਅ, ਸਾਫ਼-ਸੁਥਰੀ ਛਵੀ ਤੇ ਆਮ ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਵਾਲੀ ਸ਼ਖ਼ਸੀਅਤ ਕਾਰਨ ਉਨ੍ਹਾਂ ਦਾ ਸਮਾਜ ਵਿੱਚ ਵਿਸ਼ੇਸ਼ ਸਤਿਕਾਰ ਹੈ।ਨਿਯੁਕਤੀ ਤੋਂ ਬਾਅਦ ਸੁਸ਼ੀਲ ਗਰੋਵਰ ਦਿੱਲੀ ਪਹੁੰਚ ਕੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਸ੍ਰੀ ਤਰੁਣ ਚੁੱਘ ਤੋਂ ਅਸ਼ੀਰਵਾਦ ਲਿਆ।

## ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਵਿਖੇ ਸਿਹਤ ਜਾਗਰੂਕਤਾ ਸੈਮੀਨਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਸਿਹਤ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ।ਇਸ ਦੌਰਾਨ ਐੱਚਪੀਵੀ ਟੀਕਾਕਰਨ ਦੀ ਮਹੱਤਤਾ, ਈ-ਸਿਗਰਟ ਦੇ ਮਾੜੇ ਪ੍ਰਭਾਵਾਂ ਅਤੇ ਡੇਂਗੂ ਤੇ ਮਲੇਰੀਆ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੂੰ ਸਫ਼ਾਈ ਰੱਖਣ, ਪਾਣੀ ਖੜ੍ਹਾ ਨਾ ਹੋਣ ਦੇਣ ਤੇ ਮੱਛਰਾਂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਲਈ ਪ੍ਰੇਰਿਤ ਕੀਤਾ ਗਿਆ।ਮੁੱਖ ਮੈਡੀਕਲ ਅਫ਼ਸਰ ਸ੍ਰੀ ਹਰਿਪਾਲ ਸਿੰਘ ਸਿੱਧੂ ਤੇ ਸੀਨੀਅਰ ਮੈਡੀਕਲ ਅਫ਼ਸਰ ਸ੍ਰੀ ਸੰਜੇ ਕੁਮਾਰ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਨੇ ਵਿਦਿਆਰਥੀਆਂ ਨਾਲ ਅਹਿਮ ਜਾਣਕਾਰੀ ਸਾਂਝੀ ਕੀਤੀ।ਸਕੂਲ ਦੇ ਪ੍ਰਿੰਸੀਪਲ ਡਾ. ਹਿਮਾਂਸ਼ੂ ਦੱਤ ਨੇ ਸਿਹਤ ਵਿਭਾਗ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਤੇ ਜਾਗਰੂਕਤਾ ਦਾ ਸੰਦੇਸ਼ ਆਪਣੇ ਪਰਵਾਰਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਦੰਦਾਂ ਦੀ ਸਰਜਨ ਅੰਮ੍ਰਿਤਪਾਲ ਕੌਰ, ਸਿਹਤ ਨਿਰੀਖਕ ਜਸਵੀਰ ਸਿੰਘ, ਸਿਹਤ ਵਰਕਰ ਬੂਟਾ ਸਿੰਘ, ਜਸਵੀਰ ਕੌਰ, ਭਜਣ ਸਿੰਘ, ਮਨਦੀਪ ਸਿੰਘ ਗੰਡੇਵਾਲ ਤੇ ਮਹਿੰਦਰ ਸਿੰਘ ਸਹੌਰ ਨੇ ਵਿਸ਼ੇਸ਼ ਯੋਗਦਾਨ ਪਾਇਆ।ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ।

## ਹਡਾਣਾ ਨੇ ਮਹਿਮੂਦਪੁਰ ਅਰਾਈਆਂ 'ਚ ਵੰਡੇ ਪ੍ਰਾਪਰਟੀ ਕਾਰਡ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਿੰਡ ਮਹਿਮੂਦਪੁਰ ਅਰਾਈਆਂ ਵਿਖੇ ਪੰਜਾਬ ਸਰਕਾਰ ਦੀ ਅਹਿਮ ਮੁਹਿੰਮ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ 60 ਤੋਂ ਵੱਧ ਯੋਗ ਪਰਵਾਰਾਂ ਨੂੰ ਪ੍ਰਾਪਰਟੀ ਕਾਰਡ ਤਕਸੀਮ ਕੀਤੇ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਾਲ ਲਕੀਰ ਅੰਦਰ ਆਉਂਦੇ ਘਰਾਂ ਦੇ ਵਸਨੀਕਾਂ ਨੂੰ ਅਸਲ ਮਾਲਕਾਨਾ ਹੱਕ ਪ੍ਰਦਾਨ ਕਰਨ ਦੇ ਮਕਸਦ ਨਾਲ ਇਹ ਪ੍ਰਾਪਰਟੀ ਕਾਰਡ ਸੌਂਪੇ ਗਏ ਹਨ।ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪਿੰਡਾਂ ਵਿੱਚ ਦਹਾਕਿਆਂ ਤੋਂ ਲੋਕਾਂ ਕੋਲ ਆਪਣੀਆਂ ਜਾਇਦਾਦਾਂ ਦੇ ਪੱਕੇ ਕਾਨੂੰਨੀ ਦਸਤਾਵੇਜ਼ ਨਾ ਹੋਣ ਕਰਕੇ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।'ਮੇਰਾ ਘਰ ਮੇਰੇ ਨਾਮ' ਯੋਜਨਾ ਨਾਲ ਹੁਣ ਹਰ ਪਰਵਾਰ ਨੂੰ ਆਪਣੀ ਜ਼ਮੀਨ-ਜਾਇਦਾਦ ਦਾ ਕਾਨੂੰਨੀ ਮਾਲਕਾਨਾ ਹੱਕ ਮਿਲ ਰਿਹਾ ਹੈ, ਜਿਸ ਨਾਲ ਉਹ ਬੈਂਕਾਂ ਤੋਂ ਆਸਾਨੀ ਨਾਲ ਕਰਜ਼ੇ ਲੈ ਸਕਣਗੇ ਤੇ ਹੋਰ ਸਰਕਾਰੀ ਸਹੂਲਤਾਂ ਦਾ ਲਾਭ ਉਠਾ ਸਕਣਗੇ।ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਹਲਕਾ ਸਨੌਰ ਦੇ ਸਾਰੇ ਪਿੰਡਾਂ ਨੂੰ ਅਜਿਹੀਆਂ ਲੋਕ-ਭਲਾਈ ਸਕੀਮਾਂ ਨਾਲ ਜੋੜਨ ਲਈ ਲਗਾਤਾਰ ਵਚਨਬੱਧ ਹੈ।ਪ੍ਰਾਪਰਟੀ ਕਾਰਡ ਮਿਲਣ 'ਤੇ ਸਮੂਹ ਪਿੰਡ ਵਾਸੀਆਂ ਤੇ ਲਾਭਪਾਤਰੀਆਂ ਨੇ ਪੰਜਾਬ ਸਰਕਾਰ ਤੇ ਹਲਕਾ ਇੰਚਾਰਜ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।ਪ੍ਰੋਗਰਾਮ ਦੌਰਾਨ ਚੇਅਰਮੈਨ ਹਰਪ੍ਰੀਤ ਸਿੰਘ ਘੁੰਮਣ, ਬਲਾਕ ਪ੍ਰਧਾਨ ਗੁਰਜੀਤ ਭੱਠਲ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰਾਮ ਇੰਦਰ ਸਿੰਘ ਜਮਨਾ, ਸਰਪੰਚ ਵਿੱਦਿਆ ਨਗਰ ਬਲਵਿੰਦਰ ਕੌਰ, ਪ੍ਰਿੰਸੀਪਲ ਕਰਮ ਸਿੰਘ ਤੋਂ ਇਲਾਵਾ ਹੋਰ ਪਾਰਟੀ ਆਗੂ, ਵਰਕਰ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਭਾਜਪਾ ਆਗੂ ਰੱਖੜਾ, ਕਮਲ ਰਾਜੂ ਤੇ ਸੁਮੀਤ ਗੋਇਲ ਦਾ ਸਨਮਾਨ



**ਨਾਭਾ (ਅਮਨ ਗਰਗ)**-ਸ੍ਰੀ ਮਰਿਆਦਾ ਪੁਰਸ਼ੋਤਮ ਰਾਮਲੀਲਾ ਕਲੱਬ ਵੱਲੋਂ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਰਾਜਨੀਤਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੀਆਂ ਬੇਹਤਰੀਨ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ।ਕਲੱਬ ਦੇ ਪ੍ਰਬੰਧਕਾਂ ਤੇ ਸਮੂਹ ਟੀਮ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਕਮਲਜੀਤ ਸਿੰਘ ਰੱਖੜਾ, ਨਗਰ ਕੌਂਸਲ ਦੇ ਮੀਤ ਪ੍ਰਧਾਨ ਕਮਲ ਰਾਜੂ ਤੇ ਸ੍ਰੀ ਸ਼ਾਮ ਪਰਿਵਾਰ ਸੰਘ ਦੇ ਪ੍ਰਧਾਨ ਸੁਮੀਤ ਗੋਇਲ ਸ਼ੈਂਟੀ ਸਮੇਤ ਉਨ੍ਹਾਂ ਦੀ ਪੂਰੀ ਟੀਮ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਕਲੱਬ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਤੇ ਸਿਰੋਪਾਓ ਭੇਟ ਕੀਤੇ ਗਏ।ਸਮਾਰੋਹ ਦੌਰਾਨ ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੇ ਹਮੇਸ਼ਾ ਧਾਰਮਿਕ ਤੇ ਸਮਾਜਿਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾਇਆ ਹੈ ਤੇ ਸ਼ਹਿਰ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਨਮਾਨਿਤ ਹੋਣ ਉਪਰੰਤ ਕਮਲਜੀਤ ਸਿੰਘ ਰੱਖੜਾ, ਕਮਲ ਰਾਜੂ ਤੇ ਸੁਮੀਤ ਗੋਇਲ ਸ਼ੈਂਟੀ ਨੇ ਸ੍ਰੀ ਮਰਿਆਦਾ ਪੁਰਸ਼ੋਤਮ ਰਾਮਲੀਲਾ ਕਲੱਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਕਲੱਬ ਦੀਆਂ ਧਾਰਮਿਕ ਅਤੇ ਸਮਾਜ ਸੇਵੀ ਗਤੀਵਿਧੀਆਂ 'ਚ ਹਰ ਸੰਭਵ ਸਹਿਯੋਗ ਦਿੰਦੇ ਰਹਿਣਗੇ।

